ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 28 SATURDAY, 15 JULY, 2023
www.punjablinkpaper.com 604-503-5465








# ਕੈਨੇਡਾ ਵਿਚ ਵਧੀਆਂ ਘਰਾਂ ਦੀਆਂ ਕੀਮਤਾਂ




ਓਟਵਾ-ਸਟੈਟਿਸਟਿਕਸ ਕੈਨੇਡਾ ਦੇ ਬਹੁਤ ਹੀ ਤਾਜ਼ਾ ਅੰਕੜਿਆਂ ਮੁਤਾਬਿਕ ਕੈਨੇਡਾ ਵਿਚ ਘਰ ਖਰੀਦਣ ਦੀ ਕੀਮਤ ਵਿਚ ਥੋੜਾ ਜਿਹਾ ਵਾਧਾ ਹੋਇਆ ਹੈ। ਹਾਲ ਹੀ ਵਿਚ ਜਾਰੀ ਨਿਊ ਹਾਊਸਿੰਗ ਪ੍ਰਾਈਸ ਇੰਡੈਕਸ ਤੋਂ ਪਤਾ ਲਗਦਾ ਹੈ ਕਿ ਮਈ ਵਿਚ ਘਰਾਂ ਦੀਆਂ ਔਸਤ ਕੀਮਤਾਂ 0.1 ਫ਼ੀਸਦੀ ਵਧੀਆਂ ਹਨ ਅਤੇ ਇਹ ਅਗਸਤ 2022 ਪਿੱਛੋਂ ਪਹਿਲੀ ਵਾਰ ਵਧੀਆਂ ਹਨ। ਇਸ ਤੋਂ ਅੱਗੇ ਪਤਾ ਲਗਦਾ ਹੈ ਕਿ ਮਈ 2023 ਵਿਚ ਕੀਤੇ ਸਰਵੇਖਣ ਮੁਤਾਬਿਕ 27 ਮੈਟਰੋਪੋਲੀਟਨ ਇਲਾਕਿਆਂ (ਸੀਐਮਏਐਸ) ਵਿਚੋਂ 6 ਵਿਚ ਕੀਮਤਾਂ ਵਧੀਆਂ ਹਨ, ਅੱਠ ਵਿਚ ਕੀਮਤਾਂ ਘਟੀਆਂ ਤੇ ਬਾਕੀ 13 ਸੀਐਮਏਐਸ ਵਿਚ ਕੋਈ ਤਬਦੀਲੀ ਨਹੀਂ ਹੋਈ। ਰਿਪੋਰਟ ਵਿਚ ਸਮੁੱਚੇ ਕੈਨੇਡਾ ਵਿਚ ਨਵੇਂ ਬਣੇ ਘਰਾਂ ਦੀਆਂ ਕੀਮਤਾਂ 'ਤੇ ਵਿਚਾਰ ਕੀਤਾ ਗਿਆ ਅਤੇ ਕਈ ਸੀਐਮਏਐਸ ਵਿਚ ਤਾਜ਼ਾ ਵਾਧੇ ਦੇ ਬਾਵਜੂਦ ਮਈ 2022 ਦੇ ਮੁਕਾਬਲੇ ਕੀਮਤਾਂ 0.6 ਫ਼ੀਸਦੀ ਘਟੀਆਂ ਹਨ। ਕੁਲ ਮਿਲਾ ਕੇ 19 ਸੀਐਮਏਐਸ ਵਿਚ ਸਾਲ ਦਰ ਸਾਲ ਨਵੇਂ ਘਰਾਂ ਦੀਆਂ ਕੀਮਤਾਂ ਘਟੀਆਂ ਹਨ ਅਤੇ ਇਕ ਮਹੀਨਾ ਪਹਿਲਾਂ ਦਰਜ 14 ਸੀਐਮਏਐਸ ਤੋਂ ਇਹ ਗਿਣਤੀ ਵੱਧ ਹੈ। ਜਿਨ੍ਹਾਂ ਸੀਐਮਏਐਸ ਵਿਚ ਸਰਵੇਖਣ ਕੀਤਾ ਗਿਆ ਉਨ੍ਹਾਂ ਵਿਚ ਵਿਕਟੋਰੀਆ ਵਿਚ ਨਵੇਂ ਘਰਾਂ ਦੀਆਂ ਕੀਮਤਾਂ ਸਾਲ ਦਰ ਸਾਲ ਸਭ ਤੋਂ ਵੱਧ 2.7 ਫ਼ੀਸਦੀ ਘਟੀਆਂ ਹਨ। ਸੇਂਟ ਕੈਥਰੀਨਜ਼-ਨਿਆਗਰਾ ਅਤੇ ਐਡਮਿੰਟਨ ਵਿਚ ਵੀ ਕ੍ਰਮਵਾਰ 2.4 ਅਤੇ 2.3 ਫ਼ੀਸਦੀ ਕੀਮਤਾਂ ਘਟੀਆਂ ਹਨ।

# ਬੈਂਕ ਆਫ ਕੈਨੇਡਾ ਵਲੋਂ ਵਿਆਜ਼ ਦਰਾਂ 'ਚ ਮੁੜ ਵਾਧਾ

ਓਟਵਾ-ਬੈਂਕ ਆਫ ਕੈਨੇਡਾ ਨੇ ਬੁੱਧਵਾਰ ਫਿਰ ਤੋਂ ਵਿਆਜ ਦਰਾਂ ਵਧਾ ਦਿੱਤੀਆਂ ਹਨ ਅਤੇ ਨਵੇਂ ਅਨੁਮਾਨ ਜਾਰੀ ਕਰਦਿਆਂ ਕਿਹਾ ਕਿ ਮਹਿੰਗਾਈ ਨੂੰ 2 ਫ਼ੀਸਦੀ 'ਤੇ ਲਿਆਉਣ ਵਿਚ ਲੰਬਾ ਸਮਾਂ ਲੱਗੇਗਾ। ਸੈਂਟਰਲ ਬੈਂਕ ਨੇ ਆਪਣੀ ਮੁੱਖ ਵਿਆਜ ਦਰ ਵਿਚ ਇਕ ਚੌਥਾਈ ਪ੍ਰਤੀਸ਼ਤ ਦਾ ਵਾਧਾ ਕਰਕੇ ਪੰਜ ਫ਼ੀਸਦੀ ਕਰ ਦਿੱਤਾ ਹੈ। ਭਵਿੱਖਬਾਣੀ ਕਰਨ ਵਾਲੇ ਸੈਂਟਰਲ ਬੈਂਕ ਵਲੋਂ ਵਿਆਜ ਦਰਾਂ ਵਿਚ ਵਾਧੇ ਦੀ ਵਿਆਪਕ ਆਸ ਕਰ ਰਹੇ ਸਨ ਕਿਉਂਕਿ ਵਿਆਜ ਦਰਾਂ ਦਹਾਕਿਆਂ ਵਿਚ ਸਭ ਤੋਂ ਉੱਚੇ ਪੱਧਰਾਂ 'ਤੇ ਰਹਿਣ ਦੇ ਬਾਵਜੂਦ ਆਰਥਿਕਤਾ ਆਸ ਨਾਲੋਂ ਜ਼ਿਆਦਾ ਮਹਿੰਗਾਈ ਵਾਲੇ ਪਾਸੇ ਨੂੰ ਜਾ ਰਹੀ ਹੈ। ਬੈਂਕ ਆਫ ਕੈਨੇਡਾ ਦਾ ਕਹਿਣਾ ਕਿ ਦਰਾਂ ਵਿਚ ਵਾਧਾ ਮਜ਼ਬੂਤ ਖਪਤਕਾਰਾਂ ਦੇ ਖਰਚਿਆਂ ਨਾਲ ਸੰਚਾਲਤ ਆਰਥਿਕਤਾ ਵਿਚ ਉੱਚੀ ਮੰਗ ਅਤੇ ਇਹ ਸੰਕੇਤ ਮਿਲਣ ਕਿ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ ਕਾਰਨ ਕੀਤਾ ਗਿਆ ਹੈ। ਬੈਂਕ ਆਫ ਕੈਨੇਡਾ ਦੇ ਗਵਰਨਰ ਟਿਫ ਮੈਕਲਮ ਨੇ ਕਿਹਾ ਕਿ ਇਹ ਫ਼ੈਸਲੇ ਮੁਸ਼ਕਿਲ ਵਾਲੇ ਹਨ ਅਤੇ ਅਸੀਂ ਨੀਤੀਗਤ ਦਰਾਂ ਵਿਚ ਵਾਧੇ ਦੀ ਲੋੜ ਦੀ ਪੁਸ਼ਟੀ ਕਰਨ ਲਈ ਦਰਾਂ ਵਿਚ ਕੋਈ ਤਬਦੀਲੀ ਨਾ ਕਰਨ ਅਤੇ ਹੋਰ ਜਾਣਕਾਰੀ ਇਕੱਤਰ ਕਰਨ ਦੀ ਸੰਭਾਵਨਾ 'ਤੇ ਚਰਚਾ ਕੀਤੀ ਹੈ। ਸੰਤੁਲਨ ਬਾਰੇ ਸਾਡਾ ਮੁਲਾਂਕਣ ਇਹ ਸੀ ਕਿ ਕਾਰਵਾਈ ਵਿਚ ਦੇਰੀ ਦੀ ਲਾਗਤ ਉਡੀਕ ਕਰਨ ਦੇ ਲਾਭ ਨਾਲੋਂ ਵੱਡੀ ਹੈ। ਮੈਕਲਮ ਨੇ ਕਿਹਾ ਕਿ ਸੈਂਟਰਲ ਬੈਂਕ




ਓਵਰ ਤੇ ਘੱਟ ਸਖਤ ਹੋਣ ਦੇ ਖ਼ਤਰਿਆਂ ਵਿਚ ਸੁਤੰਲਨ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਫ਼ੈਸਲੇ ਆਉਣ ਵਾਲੇ ਡਾਟਾ ਸਬੰਧੀ ਸਾਡੇ ਮੁਲਾਂਕਣ ਅਤੇ ਮਹਿੰਗਾਈ ਦੇ ਦ੍ਰਿਸ਼ਟੀਕੋਣ ਤੋਂ ਸੇਧਿਤ ਹੋਣਗੇ। ਬੁੱਧਵਾਰ ਦਾ ਫ਼ੈਸਲਾ ਜੂਨ ਵਿਚ ਵਿਆਜ ਦਰਾਂ ਵਿਚ ਵਾਧੇ ਪਿੱਛੋਂ ਲਿਆ ਗਿਆ ਹੈ ਜਿਸ ਵਿਚ ਸੈਂਟਰਲ ਬੈਂਕ ਨੇ ਵਿਆਜ ਦਰਾਂ ਵਿਚ ਵਾਧੇ ਦੇ ਪਿਛਲੇ ਵਿਰਾਮ ਨੂੰ ਖਤਮ ਕਰ ਦਿੱਤਾ ਸੀ। ਇਸ ਸਾਲ ਕੈਨੇਡੀਅਨ ਆਰਥਿਕਤਾ ਵਿਆਪਕ ਤੌਰ 'ਤੇ ਰੁਕਣ ਦੀ ਆਸ ਕੀਤੀ ਜਾ ਰਹੀ ਸੀ

*(ਬਾਕੀ ਸਫ਼ਾ 10 'ਤੇ)*




































S T & A Simpson, Thomas and Associates
People involved in a dispute or injury need strong, experienced representation. As a legal team with over 50 years' experience
We're raising the bar.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
"Throughout the legal procedure, Simpson, Thomas & Associates have been clear, compassionate and efficient. The firm offers services in different languages which is helpful to my parents who are not familiar with Canadian laws."
– Hannah St
BBB ACCREDITED BUSINESS
We have translators fluent in Hindi and Punjabi.
Reach out for a legal consultation.
604 689 8888
simpsonthomas.com
@stalawyers
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 28 SATURDAY, 15 JULY, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600ਅਤੇ 105.3 'ਤੇ
Radio Punjab
Available on the App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.ca

ਮੋਦੀ ਮਾਨਹਾਨੀ ਕੇਸ

## ਕੇਜਰੀਵਾਲ ਅਤੇ ਸੰਜੈ ਸਿੰਘ ਨੂੰ 26 ਜੁਲਾਈ ਨੂੰ ਪੇਸ਼ ਹੋਣ ਦੀ ਹਦਾਇਤ



ਅਹਿਮਦਾਬਾਦ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡਿਗਰੀ ਬਾਰੇ ਮਾਣਹਾਨੀ ਕੇਸ ਦੇ ਸਬੰਧ 'ਚ ਇਥੋਂ ਦੀ ਇਕ ਅਦਾਲਤ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ 'ਆਪ' ਦੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੂੰ 26 ਜੁਲਾਈ ਨੂੰ ਅਦਾਲਤ 'ਚ ਪੇਸ਼ ਹੋਣ ਦੀ ਹਦਾਇਤ ਕੀਤੀ ਹੈ। ਗੁਜਰਾਤ ਯੂਨੀਵਰਸਿਟੀ ਵੱਲੋਂ ਦਾਖ਼ਲ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ 'ਆਪ' ਦੇ ਦੋਵੇਂ ਆਗੂਆਂ ਖ਼ਿਲਾਫ਼ ਕੇਸ ਕੀਤਾ ਗਿਆ ਹੈ। ਮੈਟਰੋਪਾਲਿਟਨ ਅਦਾਲਤ ਨੇ ਦੋਵੇਂ ਆਗੂਆਂ ਨੂੰ ਪਹਿਲਾਂ ਵੀਰਵਾਰ (13 ਜੁਲਾਈ) ਨੂੰ ਪੇਸ਼ ਹੋਣ ਲਈ ਕਿਹਾ ਸੀ। ਉਨ੍ਹਾਂ ਦੇ ਵਕੀਲਾਂ ਨੇ ਪੇਸ਼ੀ ਤੋਂ ਛੋਟ ਲਈ ਅਰਜ਼ੀ ਦਾਖ਼ਲ ਕਰਦਿਆਂ ਕਿਹਾ ਸੀ ਕਿ ਦਿੱਲੀ 'ਚ ਭਾਰੀ ਮੀਂਹ ਮਗਰੋਂ ਵਿਗੜੇ ਹਾਲਾਤ ਕਾਰਨ ਕੇਜਰੀਵਾਲ ਅਤੇ ਸੰਜੈ ਸਿੰਘ ਪੇਸ਼ ਨਹੀਂ ਹੋ ਸਕਦੇ ਹਨ। ਗੁਜਰਾਤ ਯੂਨੀਵਰਸਿਟੀ ਦੇ ਵਕੀਲ ਅਮਿਤ ਨਾਇਰ ਨੇ ਅਰਜ਼ੀ ਦਾ *(ਬਾਕੀ ਸਫ਼ਾ 6 'ਤੇ)*

# ਪ੍ਰਧਾਨ ਮੰਤਰੀ ਮੋਦੀ ਵਲੋਂ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਲਈ ਫਰਾਂਸ ਦਾ ਦੌਰਾ

## ਫਰਾਂਸ ਵਲੋਂ ਪ੍ਰਧਾਨ ਮੰਤਰੀ ਦਾ ਸਰਵਉਚ ਸਨਮਾਨ

ਪੈਰਿਸ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਵਲੋਂ ਫਰਾਂਸ ਦੇ ਸਰਵਉੱਚ ਸਨਮਾਨ 'ਗ੍ਰੈਂਡ ਕਰਾਸ ਆਫ ਦਿ ਲੀਜਨ ਆਫ ਆਨਰ' ਨਾਲ ਸਨਮਾਨਿਤ ਕੀਤਾ ਗਿਆ। ਇਹ ਜਾਣਕਾਰੀ ਅਧਿਕਾਰਤ ਬਿਆਨ ਵਿੱਚ ਦਿੱਤੀ ਗਈ। ਦੋ ਦਿਨਾਂ ਦੌਰੇ 'ਤੇ ਪੈਰਿਸ ਪਹੁੰਚਣ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਦੋ ਰੋਜ਼ਾ ਫੇਰੀ ਲਈ ਫਰਾਂਸ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰੈੱਡ ਕਾਰਪੈੱਟ ਨਾਲ ਸਵਾਗਤ ਕੀਤਾ ਗਿਆ। ਫਰੈਂਚ ਪ੍ਰਧਾਨ ਮੰਤਰੀ ਐਲਿਜ਼ਬੈਥ ਬੋਰਨ ਨੇ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ 'ਜੀ ਆਇਆਂ' ਕਿਹਾ। ਸ੍ਰੀ ਮੋਦੀ ਨੂੰ ਹਵਾਈ ਅੱਡੇ 'ਤੇ ਹੀ 'ਗਾਰਡ ਆਫ਼ ਆਨਰ' ਦਿੱਤਾ ਗਿਆ ਤੇ ਇਸ ਦੌਰਾਨ ਦੋਵਾਂ ਮੁਲਕਾਂ ਦੇ ਰਾਸ਼ਟਰੀ ਗਾਣ ਵੀ ਵਜਾਏ ਗਏ। ਉਂਜ ਭਾਰਤ ਤੋਂ ਫਰਾਂਸ ਲਈ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਮੋਦੀ ਨੇ ਭਰੋਸਾ ਜ਼ਾਹਿਰ ਕੀਤਾ ਕਿ ਉਨ੍ਹਾਂ ਦੀ ਇਹ ਫੇਰੀ ਦੋਵਾਂ ਮੁਲਕਾਂ ਦੀ ਦੁਵੱਲੀ ਰਣਨੀਤਕ ਭਾਈਵਾਲੀ ਨੂੰ ਨਵੀਂ ਸ਼ਕਤੀ ਪ੍ਰਦਾਨ ਕਰੇਗੀ। ਸ੍ਰੀ ਮੋਦੀ ਨੇ ਇਕ ਬਿਆਨ ਵਿੱਚ ਕਿਹਾ ਸੀ, "ਮੈਂ ਰਾਸ਼ਟਰਪਤੀ ਮੈਕਰੋਂ ਨੂੰ ਮਿਲਣ ਅਤੇ ਇਸ ਹੰਢੀ ਵਰਤੀ ਪਿਛਲੇ 25 ਸਾਲਾਂ ਤੋਂ ਚੱਲੀ ਆ ਰਹੀ ਭਾਈਵਾਲੀ ਨੂੰ ਅੱਗੇ ਲਿਜਾਣ ਤੇ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਲਈ ਉਤਸ਼ਾਹਿਤ ਹਾਂ। ਅਸੀਂ ਖੇਤਰੀ ਤੇ ਆਲਮੀ



ਮੁੱਦਿਆਂ 'ਤੇ ਵੀ ਕੰਮ ਕਰਾਂਗੇ।" ਦੱਸ ਦੇਈਏ ਕਿ ਸ੍ਰੀ ਮੋਦੀ 14 ਜੁਲਾਈ ਨੂੰ ਫਰਾਂਸ ਦੇ ਕੌਮੀ ਦਿਹਾੜੇ ਮੌਕੇ ਰਾਸ਼ਟਰਪਤੀ ਮੈਕਰੋਂ ਨਾਲ ਪੈਰਿਸ ਵਿੱਚ ਬੈਸਿਲ ਡੇਅ ਜਸ਼ਨਾਂ ਵਿੱਚ ਵਿਸ਼ੇਸ਼ ਵਜੋਂ ਸ਼ਾਮਲ ਹੋਣਗੇ। ਸ੍ਰੀ ਮੋਦੀ ਆਪਣੀ ਫੇਰੀ ਦੌਰਾਨ ਫਰਾਂਸ ਰਹਿੰਦੇ ਭਾਰਤੀ ਭਾਈਚਾਰੇ, ਸੀਈਓਜ਼ ਤੇ ਉੱਘੀਆਂ ਹਸਤੀਆਂ ਨੂੰ ਵੀ ਮਿਲਣਗੇ। ਫੇਰੀ ਦੇ ਪਹਿਲੇ ਦਿਨ *(ਬਾਕੀ ਸਫ਼ਾ 10 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਪਿਕਸ ਸੁਸਾਇਟੀ ਦਾ ਮੈਗਾ ਨੌਕਰੀ ਮੇਲਾ 27 ਜੁਲਾਈ ਨੂੰ

ਸਰੀ-ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਸਿਜ (ਪਿਕਸ) ਸੁਸਾਇਟੀ ਇਹ ਐਲਾਨ ਕੀਤਾ ਕਿ ਪਿਕਸ ਦਾ ਮੈਗਾ ਜੌਬ ਫੇਅਰ ਸਰੀ 2023 ਨੌਰਥ ਸਰੀ ਸਪੋਰਟ ਐਂਡ ਆਈਸ ਕੰਪਲੈਕਸ-10950 126ਏ ਸਟਰੀਟ ਸਰੀ ਵਿਖੇ 27 ਜੁਲਾਈ 2023 ਨੂੰ ਲੱਗੇਗਾ। ਗੈਰ-ਮੁਨਾਫਾ ਸੰਗਠਨ ਵਜੋਂ ਅਸੀਂ ਸਮੁੱਚੇ ਲੋਅਰ ਮੇਨਲੈਂਡ ਵਿਚ ਰੋਜ਼ਗਾਰ ਸੇਵਾਵਾਂ, ਸੈਟਲਮੈਂਟ ਸੇਵਾਵਾਂ, ਸੀਨੀਅਰ ਹਾਊਸਿੰਗ, ਕਮਿਊਨਿਟੀ ਸੇਵਾਵਾਂ ਅਤੇ ਕਈ ਦੂਸਰੇ ਪ੍ਰੋਗਰਾਮ ਮੁਹੱਈਆ ਕਰ ਰਹੇ ਹਾਂ। ਬੀਸੀ ਵਿਚ ਲੇਬਰ ਮਾਰਕੀਟ ਹਮੇਸ਼ਾ ਬਦਲਦੀ ਰਹਿੰਦੀ ਹੈ। ਸੇਵਾ ਮੁਕਤ ਹੋ ਰਹੇ ਵਰਕਰਾਂ ਕਾਰਨ ਕਈ ਅਸਾਮੀਆਂ ਖੁਲ੍ਹ ਰਹੀਆਂ ਹਨ ਅਤੇ ਹੁਨਰਮੰਦ ਪ੍ਰਵਾਸੀਆਂ ਨਵੇਂ ਘਰ ਵਿਚ ਆਪਣਾ ਕੈਰੀਅਰ ਸ਼ੁਰੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਮਾਲਕਾਂ ਨੂੰ ਆਪਣੀਆਂ ਖਾਲੀ ਅਸਾਮੀਆਂ ਭਰਨ ਲਈ ਕਾਮੇ ਨਹੀਂ ਮਿਲ ਰਹੇ। ਪਿਕਸ ਮੈਗਾ ਜੌਬ ਫੇਅਰ ਸਾਡੇ ਰੋਜ਼ਗਾਰ ਸੇਵਾਵਾਂ ਪ੍ਰੋਗਰਾਮ ਲਈ ਇਕ ਫਲੈਗਸ਼ਿਪ ਸਮਾਗਮ ਹੈ। ਇਹ ਨੌਕਰੀ ਲੱਭਣ ਵਾਲਿਆਂ ਤੇ ਰੋਜ਼ਗਾਰਦਾਤਾਵਾਂ ਨੂੰ ਇਕੱਠੇ ਹੋਣ ਦਾ ਮੌਕਾ ਦਿੰਦਾ ਹੈ ਅਤੇ ਇਹ ਖੋਜਣ ਦਾ ਮੌਕਾ ਦਿੰਦਾ ਹੈ ਕਿ ਲੇਬਰ ਬਾਜ਼ਾਰ ਵਿਚ ਇਕ ਪ੍ਰੋਐਕਟਿਵ ਤਰੀਕੇ ਨਾਲ ਕੀ ਉਪਲਬਧ ਹੈ।




# ਨਾਗਰਾ ਤੇ ਬੈਂਸ ਵਲੋਂ ਮੇਅਰ ਨੂੰ ਗੁਰਦੁਆਰਾ ਪ੍ਰਧਾਨ ਦੇ ਕਤਲ ਨੂੰ ਹੱਲ ਕਰਨ ਲਈ ਲਾਬਿੰਗ ਕਰਨ ਦੀ ਅਪੀਲ

ਸਰੀ-ਕੌਂਸਲਰਾਂ ਮਨਦੀਪ ਨਾਗਰਾ ਅਤੇ ਹੈਰੀ ਬੈਂਸ ਨੇ ਸਰੀ ਦੀ ਮੇਅਰ ਬਰੈਂਡਾ ਲੋਕ ਨੂੰ ਸੱਦਾ ਦਿੱਤਾ ਕਿ ਉਹ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੇ ਕਾਤਲ ਜਾਂ ਕਾਤਲਾਂ ਦੀ ਗ੍ਰਿਫਤਾਰੀ ਤੇ ਦੋਸ਼ ਲਗਾਉਣ ਲਈ ਸਰਕਾਰ ਕੋਲ ਸੀਨੀਅਰ ਪੱਧਰ 'ਤੇ ਲਾਬਿੰਗ ਕਰਨ। ਪੁਲਿਸ ਨੇ 45 ਸਾਲਾ ਨਿੱਝਰ ਦੇ 18 ਜੂਨ ਨੂੰ ਹੋਏ ਕਤਲ ਵਿਚ ਅਜੇ ਸ਼ੱਕੀ ਦੀ ਪਛਾਣ ਕਰਨੀ ਹੈ ਜਿਸ ਨੂੰ ਸਕੌਟ ਰੋਡ ਦੇ 7000 ਬਲਾਕ ਵਿਚ ਨਿਊਟਨ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਕੌਂਸਲ ਦੀ ਮੀਟਿੰਗ ਦੇ ਖਤਮ ਹੋਣ ਸਮੇਂ ਕੌਂਸਲਰ ਮਨਦੀਪ ਨਾਗਰਾ ਨੇ ਕਿਹਾ ਕਿ ਉਹ ਰਸਮੀ ਰੂਪ ਵਿਚ ਮੇਅਰ ਲੋਕ ਨੂੰ ਅਪੀਲ ਕਰਦੇ ਹਨ ਕਿ ਉਹ ਮੁਕੰਮਲ ਜਾਂਚ ਲਈ ਜਨਤਕ ਸੁਰੱਖਿਆ ਮੰਤਰੀ ਨੂੰ ਇਕ ਪੱਤਰ ਲਿਖਣ। ਕੌਂਸਲਰ ਹੈਰੀ ਬੈਂਸ ਨੇ ਇਸ ਅਪੀਲ ਦਾ ਸਮਰਥਨ ਕੀਤਾ। ਬੈਂਸ ਨੇ ਕਿਹਾ ਕਿ ਉਹ ਕੌਂਸਲਰ ਨਾਗਰਾ ਦੇ ਬਿਆਨ ਨਾਲ ਸਹਿਮਤ ਹੈ ਕਿ ਇਸ ਦੀ ਮੁਕੰਮਲ ਜਾਂਚ ਹੋਣੀ ਚਾਹੀਦੀ ਹੈ। ਨਿੱਝਰ ਗੁਰਦੁਆਰਾ ਸਾਹਿਬ . ਸਿੱਖ ਭਾਈਚਾਰੇ ਦੇ ਨਾਲ ਨਾਲ ਸਮੂਹ ਭਾਈਚਾਰੇ ਅਤੇ ਕਮਿਊਨਿਟੀ ਦਾ ਇਕ ਨਿਸ਼ਠਾਵਾਨ ਸੇਵਕ ਸੀ ਅਤੇ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਉਸ ਦਾ ਬੇਰਹਿਮੀ ਨਾਲ ਕੀਤਾ ਗਿਆ ਕਤਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਮੈਂ ਉਸ ਦੇ ਕਾਤਲਾਂ ਨੂੰ ਤੁਰੰਤ ਲੱਭਣ ਅਤੇ ਮੁਕੱਦਮਾ ਚਲਾਉਣ ਲਈ ਸਰਕਾਰ ਦੇ ਹਰੇਕ ਪੱਧਰ 'ਤੇ ਜ਼ੋਰਦਾਰ ਅਪੀਲ ਕਰਦਾ ਹੈਂ। ਇਸ ਦੇ ਜਵਾਬ ਵਿਚ ਲੋਕ ਨੇ ਕਿਹਾ ਕਿ ਅਸੀਂ ਇਹ







ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਉਹ ਇਸ ਮੁੱਦੇ ਨੂੰ ਅੱਗੇ ਲਿਆਉਣ ਲਈ ਤੁਹਾਡੀ ਪ੍ਰਸ਼ੰਸਾ ਕਰਦੀ ਹੈ।

## ਗੋਲੀਬਾਰੀ ਵਿਚ ਮਰੇ ਵਿਅਕਤੀ ਦੀ ਪਵਨਬਰ ਪਾਲ ਮੰਨਣ ਵਜੋਂ ਹੋਈ ਪਛਾਣ

ਸਰੀ-ਹੋਮੀਸਾਈਡ ਇਨਵੈਸਟੀਗੇਟਰਜ਼ ਨੇ ਸਰੀ ਵਿਚ ਹਾਲ ਵਿਚ ਗੋਲੀ ਲੱਗਣ ਨਾਲ ਮਰੇ ਵਿਅਕਤੀ ਦੀ ਪਛਾਣ ਪਵਨਬਰ ਪਾਲ ਮੰਨਣ ਵਜੋਂ ਕੀਤੀ ਹੈ। ਮੰਨਣ ਦੀ ਐਤਵਾਰ ਨੂੰ ਸ਼ਾਮ ਪੰਜ ਵਜੇ ਲਾਸ਼ ਮਿਲੀ ਸੀ। 29 ਸਾਲਾ ਮੰਨਣ 'ਤੇ ਜਦੋਂ ਗੋਲੀ ਚਲਾਈ ਗਈ ਤਾਂ ਉਹ ਆਪਣੀ ਮੋਟਰ ਗੱਡੀ ਵਿਚ ਬੈਠਾ ਹੋਇਆ ਸੀ। ਪੁਲਿਸ ਨੇ ਦੱਸਿਆ ਕਿ ਆਪਣੀ ਜਾਂਚ ਨੂੰ ਅੱਗੇ ਵਧਾਉਣ ਦੀ ਆਸ ਨਾਲ ਉਹ ਮੰਨਣ ਦੀ ਪਛਾਣ ਦੱਸ ਰਹੇ ਹਨ ਅਤੇ ਆਈਐਚਜੀਟੀ ਸਾਰਜੈਂਟ ਟਿਮੋਥੀ ਪੇਰੋਟੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮੰਨਣ ਨੂੰ ਪੁਲਿਸ ਜਾਣਦੀ ਸੀ ਅਤੇ ਗੋਲੀਬਾਰੀ ਮਿਥ ਕੇ ਕੀਤੀ ਗਈ ਲਗਦੀ ਹੈ। ਹਮਲੇ ਤੋਂ ਬਾਅਦ ਲਗਪਗ 7 ਕਿਲੋਮੀਟਰ ਦੂਰ ਸਲੇਟੀ ਰੰਗ ਦੀ ਸੁਬਾਰੂ ਫੋਰੈਸਟਰ ਸੜੀ ਹੋਈ ਮਿਲੀ ਹੈ ਅਤੇ ਆਰਸੀਐਮਪੀ ਇਹ ਨਿਰਧਾਰਤ ਕਰਨ ਲਈ ਕੰਮ ਕਰ ਰਹੀ ਹੈ ਕਿ ਸੜੀ ਹੋਈ ਮਿਲੀ ਮੋਟਰ ਗੱਡੀ ਕਤਲ ਨਾਲ ਜੁੜੀ ਹੋਈ ਹੈ ਜਾਂ ਨਹੀਂ।

## ਘਰ ਖਰੀਦਦਾਰਾਂ ਲਈ ਪ੍ਰੇਰੀ ਸੂਬੇ ਸਭ ਤੋਂ ਕਿਫਾਇਤੀ

ਓਟਵਾ-ਪੁਆਇੰਟ2ਹੋਮਜ ਵਲੋਂ 19 ਜੂਨ ਨੂੰ ਜਾਰੀ ਰਿਪੋਰਟ ਵਿਚ ਪਤਾ ਲੱਗਾ ਕਿ ਕਿਰਾਏਦਾਰਾਂ ਜਾਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਰੇਜੀਨਾ, ਕੈਲਗਰੀ, ਐਡਮਿੰਟਨ, ਸਸਕਾਟੂਨ ਅਤੇ ਵਿਨੀਪੈਗ ਵਿਚ ਸਸਤੇ ਮਕਾਨ ਉਪਲਬਧ ਹੋਣ ਦੀ ਸੰਭਾਵਨਾ ਹੈ। ਇਹ ਸਾਰੇ ਸ਼ਹਿਰ ਕੈਨੇਡਾ ਦੇ ਤਿੰਨ ਪ੍ਰੇਰੀ ਸੂਬਿਆਂ ਅਲਬਟਾ, ਸਸਕੈਚਵਨ ਅਤੇ ਮਨੀਟੋਬਾ ਵਿਚ ਪੈਂਦੇ ਹਨ। ਸਟੈਟਿਸਟਿਕਸ ਕੈਨੇਡਾ ਨਿਊ ਹਾਊਸਿੰਗ ਇੰਡੈਕਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਸਾਲ ਦਰ ਸਾਲ ਪ੍ਰੇਰੀ ਖੇਤਰ ਵਿਚ ਕੀਮਤਾਂ 0.8 ਫ਼ੀਸਦੀ ਘਟੀਆਂ ਹਨ। ਇਹ ਰਿਪੋਰਟਾਂ ਕੈਨੇਡੀਅਨ ਹੋਮ ਐਂਡ ਮਾਰਟਗੇਟ ਕਾਰਪੋਰੇਸ਼ਨ (ਸੀਐਮਐਚਸੀ) ਵਲੋਂ ਹਾਲ ਵਿਚ ਕੀਤੇ ਅਧਿਐਨ ਨਾਲ ਮੇਲ ਖਾਂਦੀਆਂ ਹਨ ਜਿਸ ਵਿਚ ਪਾਇਆ ਕਿ ਪ੍ਰੇਰੀ ਸੂਬਿਆਂ ਵਿਚ ਘਰ ਜ਼ਿਆਦਾ ਕਿਫਾਇਤੀ ਹਨ। ਸੀਐਮਐਚਸੀ ਰਿਪੋਰਟ ਕਹਿੰਦੀ ਹੈ ਕਿ ਅਜਿਹਾ ਇਸ ਲਈ ਹੈ ਕਿਉਂਕਿ ਦੂਸਰੇ ਖੇਤਰਾਂ ਨਾਲੋਂ 2023 ਵਿਚ ਨਿੱਜੀ ਤੌਰ 'ਤੇ ਬਣਾਏ ਜਾਂਦੇ ਘਰਾਂ ਦੀ ਗਿਣਤੀ ਵਿਚ ਬਹੁਤ ਘੱਟ ਗਿਰਾਵਟ ਆਈ ਹੈ।






# ਨੌਰਥ ਡੈਲਟਾ ਦੀ ਔਰਤ ਤਰਨਦੀਪ ਉੱਪਲ ਨੂੰ ਪਛਾਣ ਚੋਰੀ ਕਰਨ ਤੇ ਧੋਖਾਧੜੀ ਦੇ 40 ਦੋਸ਼ਾਂ ਦਾ ਸਾਹਮਣਾ

ਸਰੀ-ਨੌਰਥ ਡੈਲਟਾ ਦੀ ਔਰਤ ਤਰਨਦੀਪ ਉੱਪਲ ਪਛਾਣ ਦੀ ਚੋਰੀ ਅਤੇ ਕਰੈਡਿਟ ਕਾਰਡ ਘੁਟਾਲੇ ਦੇ 40 ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ। ਸ਼ੱਕੀ ਕਰੈਡਿਟ ਕਾਰਡ ਘੁਟਾਲੇ ਦੀ ਨਵੰਬਰ 2020 ਵਿਚ ਸ਼ੁਰੂ ਕੀਤੀ ਜਾਂਚ ਪਿੱਛੋਂ ਡੈਲਟਾ ਪੁਲਿਸ ਨੇ 5 ਜੁਲਾਈ ਨੂੰ ਦੋਸ਼ਾਂ ਦਾ ਐਲਾਨ ਕੀਤਾ ਸੀ। ਪ੍ਰੈਸ ਰਿਲੀਜ਼ ਵਿਚ ਪੁਲਿਸ ਨੇ ਦੱਸਿਆ ਕਿ ਜਾਂਚ ਵਿਚ ਪਤਾ ਲੱਗਾ ਕਿ ਸ਼ੱਕੀ ਨੇ ਨਿੱਜੀ ਲਾਭ ਲੈਣ ਲਈ ਦਸਤਾਵੇਜ਼ਾਂ ਤੇ ਡਾਟਾ ਦੀ ਵਰਤੋਂ ਵਾਸਤੇ ਪਛਾਣ ਤੇ ਕਰੈਡਿਟ ਕਾਰਡ ਦੀ ਜਾਣਕਾਰੀ ਪ੍ਰਾਪਤ ਕੀਤੀ ਸੀ। 31 ਸਾਲਾ ਉੱਪਲ ਨੂੰ ਕਰੈਡਿਟ ਕਾਰਡ, ਪਛਾਣ ਜਾਂ ਕਿਸੇ ਦੂਸਰੇ ਦੇ ਨਾਂਅ 'ਤੇ ਡਾਟਾ ਨਾ ਰੱਖਣ ਦੀਆਂ ਸ਼ਰਤਾਂ ਨਾਲ ਰਿਹਾਅ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਹੋਰ ਜਾਣਕਾਰੀ ਰਿਲੀਜ ਨਹੀਂ ਕੀਤੀ ਜਾਵੇਗੀ ਕਿਉਂਕਿ ਮਾਮਲਾ ਹੁਣ ਅਦਾਲਤ ਦੇ ਵਿਚਾਰ ਅਧੀਨ ਹੈ।

# 11 ਜੁਲਾਈ ਦੇ ਐਕਸਪ੍ਰੈਸ ਐਂਟਰੀ ਡਰਾਅ ਵਿਚ ਆਈਆਰਸੀਸੀ ਵਲੋਂ 800 ਉਮੀਦਵਾਰਾਂ ਨੂੰ ਸੱਦਾ

ਓਟਵਾ-ਇਮੀਗ੍ਰੇਸ਼ਨ, ਰਿਫਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ. ਆਰ. ਸੀ. ਸੀ.) ਨੇ ਐਕਸਪ੍ਰੈਸ ਐਂਟਰੀ ਦੇ ਆਪਣੇ ਤਾਜਾ ਦੌਰ ਵਿਚ 800 ਉਮੀਦਵਾਰਾਂ ਨੂੰ ਸੱਦਾ ਦਿੱਤਾ ਹੈ। ਵਿਭਾਗ ਨੇ ਘੱਟੋ ਘੱਟ ਕੰਪਰੀਹੈਂਸਿਵ ਰੈਂਕਿੰਗ ਸਿਸਟਮ (ਸੀਆਰਐਸ) ਵਿਚ 505 ਦੇ ਸਕੋਰ ਨਾਲ ਆਲ-ਪ੍ਰੋਗਰਾਮ ਡਰਾਅ ਵਿਚ 800 ਉਮੀਦਵਾਰਾਂ ਨੂੰ ਸੱਦਾ ਦਿੱਤਾ ਹੈ। ਆਈਆਰਸੀਸੀ ਨੇ 4 ਤੋਂ 11 ਜੁਲਾਈ ਤਕ ਪਿਛਲੇ ਹਫ਼ਤੇ ਚਾਰ ਦਿਨ ਲਗਾਤਾਰ ਡਰਾਅ ਕੱਢਿਆ ਹੈ। 4 ਜੁਲਾਈ ਨੂੰ ਅਚਾਨਕ ਕੱਢੇ ਗਏ ਆਲ-ਪ੍ਰੋਗਰਾਮ ਡਰਾਅ ਵਿਚ 700 ਉਮੀਦਵਾਰਾਂ ਨੂੰ ਸੱਦਾ ਦਿੱਤਾ ਗਿਆ ਜਿਸ ਲਈ ਘੱਟੋ ਘੱਟ 511 ਸਕੋਰ ਦੀ ਲੋੜ ਸੀ। 2023 ਵਿਚ ਹੁਣ ਤਕ ਇਹ ਕਿਸੇ ਵੀ ਆਲ-ਪ੍ਰੋਗਰਾਮ ਡਰਾਅ ਲਈ ਸੀਆਰਐਸ ਲਈ ਲੋੜੀਂਦਾ ਸਭ ਤੋਂ ਉੱਚਾ ਸਕੋਰ ਸੀ। ਹਫਤੇ ਵਿਚ ਦੂਸਰਾ ਡਰਾਅ 5 ਜੁਲਾਈ ਨੂੰ ਕੱਢਿਆ ਗਿਆ। ਇਸ ਵਿਚ ਆਈਆਰਸੀਸੀ ਨੇ ਘੱਟੋ ਘੱਟ 486 ਸੀਆਰਐਸ ਸਕੋਰ ਵਾਲੇ 500 ਉਮੀਦਵਾਰਾਂ ਨੂੰ ਸੱਦਾ ਦਿੱਤਾ ਹੈ। ਪਿਛਲੇ ਹਫ਼ਤੇ ਸਿਹਤ ਸੰਭਾਲ



ਪੇਸ਼ਾਵਰਾਂ ਲਈ ਸ਼੍ਰੇਣੀ ਆਧਾਰਤ ਚੋਣ ਡਰਾਅ ਵਿਚ 6 ਜੁਲਾਈ ਦੇ ਤੀਸਰੇ ਡਰਾਅ ਵਿਚ 1500 ਉਮੀਦਵਾਰਾਂ ਨੂੰ ਸੱਦਾ ਦਿੱਤਾ ਗਿਆ। ਇਸ ਲਈ ਘੱਟੋ ਘੱਟ ਸਕੋਰ 463 ਰੱਖਿਆ ਗਿਆ ਸੀ। ਹਫ਼ਤੇ ਦਾ ਚੌਥਾ ਡਰਾਅ 7 ਜੁਲਾਈ ਨੂੰ ਕੱਢਿਆ ਗਿਆ। ਫ੍ਰੈਂਚ ਬੋਲਣ ਵਿਚ ਮੁਹਾਰਤ ਅਤੇ ਘੱਟੋ ਘੱਟ 439 ਸੀਆਰਐਸ ਵਾਲੇ 2300 ਉਮੀਦਵਾਰਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ। 27 ਜੂਨ ਦੇ ਆਲ-ਪ੍ਰੋਗਰਾਮ ਡਰਾਅ ਵਿਚ 4300 ਉਮੀਦਵਾਰਾਂ ਨੂੰ ਸੱਦਾ ਦਿੱਤਾ ਗਿਆ ਸੀ। ਇਨ੍ਹਾਂ ਉਮੀਦਵਾਰਾਂ ਲਈ ਘੱਟੋ ਘੱਟੋ ਸਕੋਰ 486 ਸੀ। 28 ਜੂਨ ਨੂੰ ਆਈਆਰਸੀਸੀ ਨੇ ਪਹਿਲੀ ਵਾਰ ਸ਼੍ਰੇਣੀ ਆਧਾਰਤ ਚੋਣ ਲਈ ਸੱਦਾ ਪੱਤਰ ਭੇਜੇ ਸਨ। ਕੁਲ ਮਿਲਾ ਕੇ 500 ਉਮੀਦਵਾਰਾਂ ਨੂੰ ਸਿਹਤ ਸੰਭਾਲ ਵਿਚ ਤਜਰਬੇ ਅਤੇ ਘੱਟੋ ਘੱਟ 476 ਸੀਆਰਐਸ ਸਕੋਰ ਨਾਲ ਪੀਆਰ ਵਾਸਤੇ ਅਪਲਾਈ ਕਰਨ ਦਾ ਸੱਦਾ ਦਿੱਤਾ ਸੀ। 31 ਮਈ ਨੂੰ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਨ ਫ੍ਰੇਜ਼ਰ ਨੇ ਐਲਾਨ ਕੀਤਾ ਸੀ ਕਿ ਆਈਆਰਸੀਸੀ ਨੇ ਸ਼੍ਰੇਣੀ ਆਧਾਰਤ ਚੋਣ ਲਈ ਸ਼੍ਰੇਣੀਆਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ।

# ਟਰੂਡੋ ਵਲੋਂ ਕਾਰਬਨ ਨਿਕਾਸ ਅਤੇ ਬੀਸੀ ਪੋਰਟ ਕਾਮਿਆਂ ਦੀ ਹੜਤਾਲ ਬਾਰੇ ਅਲਬਰਟਾ ਪ੍ਰੀਮੀਅਰ ਸਮਿਥ ਨਾਲ ਚਰਚਾ

ਕੈਲਗਰੀ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਲਬਰਟਾ ਦੀ ਪ੍ਰੀਮੀਅਰ ਡੇਨੀਅਲ ਸਮਿਥ ਨਾਲ ਮੀਟਿੰਗ ਦੌਰਾਨ



ਕਾਰਬਨ ਦੇ ਨਿਕਾਸ ਅਤੇ ਬੀਸੀ ਪੋਰਟ ਕਾਮਿਆਂ ਵਲੋਂ ਕੀਤੀ ਜਾ ਰਹੀ ਹੜਤਾਲ 'ਤੇ ਚਰਚਾ ਕੀਤੀ। ਦੋਵੇਂ ਨੇਤਾ ਕੈਲਗਰੀ ਸਟੈਂਪੀਡ ਦੇ ਪਹਿਲੇ ਦਿਨ ਸ਼ਹਿਰ ਵਿਚ ਮੌਜੂਦ ਸਨ। 10 ਦਿਨ ਦੇ ਕੈਲਗਰੀ ਸਟੈਂਪੀਡ ਵਿਚ ਪੱਛਮੀ ਸਭਿਆਚਾਰ ਦਾ 10 ਦਿਨਾਂ ਜਸ਼ਨ ਹੈ ਜਿਸ ਵਿਚ ਪਰੇਡ, ਰੋਡੀਓ ਸਮਾਗਮ, ਪੈਨਕੇਕ ਬ੍ਰੇਕਫਾਸਟ ਅਤੇ ਸੰਗੀਤ ਸਮਾਰੋਹ ਹੁੰਦਾ ਹੈ। ਸਮਿਥ ਨਾਲ ਮੀਟਿੰਗ ਦੋ ਦਿਨਾਂ ਦੌਰੇ ਦਾ ਪਹਿਲਾ ਪੜਾਅ ਸੀ। ਸਮਿਥ ਨੇ ਦੱਸਿਆ ਕਿ ਸਾਨੂੰ ਕਈ ਗੰਭੀਰ ਗੱਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ 'ਤੇ ਸਾਨੂੰ ਚਰਚਾ ਕਰਨ ਦੀ ਲੋੜ ਹੈ। ਅਸੀਂ 2050 ਤਕ ਆਪਣੀ ਨਿਕਾਸੀ ਵਿਚ ਕਮੀ ਅਤੇ ਊਰਜਾ ਵਿਕਾਸ ਯੋਜਨਾ ਨੂੰ ਇਕ ਕਾਰਬਨ ਰਹਿਤ ਨਿਸ਼ਾਨੇ ਨਾਲ ਲਿਆਉਣਾ ਚਾਹੁੰਦੇ ਹਾਂ ਅਤੇ ਫੈਡਰਲ ਸਰਕਾਰ ਦੇ ਕੁਝ ਉਦੇਸ਼ਾਂ ਨੂੰ ਪੂਰਾ ਕਰਨਾ ਚਾਹੁੰਦੇ ਹਾਂ। ਇਸ ਲਈ ਸਾਨੂੰ ਕੁਝ ਗੱਲਬਾਤ ਕਰਨ ਦੀ ਲੋੜ ਹੈ। ਸਮਿਥ ਨੇ 2035 ਤਕ ਨੈੱਟ-ਜ਼ੀਰੋ ਬਿਜਲੀ ਗਰਡਿ ਦੇ ਫੈਡਰਲ ਸਰਕਾਰ ਦੇ ਨਿਸ਼ਾਨੇ ਤੋਂ ਮੂੰਹ ਮੋੜਦੇ ਹੋਏ ਕਿਹਾ ਕਿ ਇਹ ਆਰਥਿਕਤਾ ਨੂੰ ਮੋਟੀ ਮਦਦ ਤੋਂ ਬਿਨ੍ਹਾਂ ਅਲਬਰਟਾ ਲਈ ਹਕੀਕਤ ਨਹੀਂ ਬਣ ਸਕਦੀ।

# ਆਰਸੀਐਮਪੀ ਨੂੰ ਕਾਇਮ ਰੱਖਣ ਲਈ ਸੂਬੇ ਵਲੋਂ ਉਲਟ ਹੋਣ ਦੀ ਆਸ ਨਹੀਂ-ਸਰੀ ਸਿਟੀ ਮੈਨੇਜਰ

ਸਰੀ-ਸਿਟੀ ਮੈਨੇਜਰ ਵਿਨਸੇਂਟ ਲਾਲੋਂਡੇ ਨੇ ਕਿਹਾ ਕਿ ਸ਼ਹਿਰ ਕੌਂਸਲ ਦੇ ਆਰਸੀਐਮਪੀ ਨੂੰ ਸਰੀ ਦੀ ਅਧਿਕਾਰਤ ਪੁਲਿਸ ਬਣਾਈ ਰੱਖਣ ਦੇ ਫ਼ੈਸਲੇ ਨੂੰ ਸੂਬੇ ਸਰਕਾਰ ਵਲੋਂ ਉਲਟਾਉਣ ਦੀ ਆਸ ਨਹੀਂ ਕਰ ਰਿਹਾ। ਪੁਲਿਸ ਦੀ ਰੀਸਟਾਫਿੰਗ ਯੋਜਨਾ ਅਤੇ ਪੁਲਿਸ ਸੇਵਾਵਾਂ ਦੇ ਡਾਇਰੈਕਟਰ ਵਲੋਂ ਜਨਤਕ ਸੁਰੱਖਿਆ ਬਾਰੇ ਮੰਤਰਾਲੇ ਤੇ ਸਾਲਿਸਟਰ ਜਨਰਲ ਨੂੰ ਭੇਜੀ ਭਾਰੀ ਸੋਧ ਵਾਲੀ ਰਿਪੋਰਟ ਦੇ ਨਾਲ ਆਰਸੀਐਮਪੀ ਨੂੰ ਸਰੀ ਦੀ ਅਧਿਕਾਰਤ ਪੁਲਿਸ ਬਣਾਈ ਰੱਖਣ ਦੀ ਪਹਿਲੀ ਮਾਸਕ ਪ੍ਰਗਤੀ ਰਿਪੋਰਟ ਸਿਟੀ ਕੌਂਸਲ ਸਾਹਮਣੇ ਪੇਸ਼ ਕੀਤੀ ਗਈ। ਲਾਲੋਂਡੇ ਨੇ ਕੌਂਸਲ ਨੂੰ ਦੱਸਿਆ ਕਿ ਅਸੀਂ ਹੁਣ ਜਿਥੇ ਖੜ੍ਹੇ ਹਾਂ ਉਹ ਆਰਸੀਐਮਪੀ ਨੂੰ ਅਧਿਕਾਰਤ ਪੁਲਿਸ ਬਣਾਈ ਰੱਖਣ ਸਬੰਧੀ ਕੌਂਸਲ ਦੀ ਸਾਨੂੰ ਸਪਸ਼ਟ ਹਦਾਇਤ ਹੈ, ਮੰਤਰਾਲੇ ਨੇ ਕਿਹਾ ਕਿ ਇਹ ਸਿਟੀ ਦਾ ਫ਼ੈਸਲਾ ਹੈ ਪਰ ਉਸ ਨੇ ਸ਼ਰਤਾਂ ਰੱਖੀਆਂ ਹਨ, ਇਸ ਲਈ ਅਸੀਂ ਸਰਗਰਮੀ ਨਾਲ ਸ਼ਰਤਾਂ ਪੂਰੀਆਂ ਕਰ ਰਹੇ ਹਾਂ ਅਤੇ ਅਸੀਂ ਸ਼ਰਤਾਂ ਕਿਵੇਂ ਪੂਰੀਆਂ ਕਰਨਾ ਹੈ ਉਸ ਬਾਰੇ ਕੌਂਸਲ ਕੋਲ ਉਜਾਗਰ ਕਰਨਾ



ਇਸ ਰਿਪੋਰਟ ਦਾ ਸਾਰ ਹੈ। ਇਸ ਲਈ ਅਸੀਂ ਨਿਸ਼ਚਤ ਰੂਪ ਵਿਚ ਫ਼ੈਸਲੇ ਨੂੰ ਉਲਟਾਉਣ ਦੀ ਆਸ ਨਹੀਂ ਕਰ ਰਹੇ।

UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

## ਹਥਿਆਰਾਂ ਦੀ ਸ਼ਿਕਾਇਤ ਮਿਲਣ ਪਿੱਛੋਂ ਵੱਡੀ ਗਿਣਤੀ ’ਚ ਪੁਲਿਸ ਵੈਲੀ ’ਚ ਪੁੱਜੀ

ਸਰੀ-ਇਥੋਂ ਦੇ 104 ਐਵੀਨਿਊ ਦੇ 12900 ਬਲਾਕ ਵਿਚ ਇਕ ਘਰ ਵਿਚ ਕੀਤੇ ਕਥਿਤ ਹਮਲੇ ਪਿੱਛੋਂ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਪੈਰਾਮੈਡਿਕਸ ਨੇ ਪੀੜਤ ਦਾ ਇਲਾਜ ਕੀਤਾ ਜਿਹੜਾ ਮਾਮੂਲੀ ਜ਼ਖ਼ਮੀ ਹੋਇਆ ਸੀ। ਬੀਤੇ ਦਿਨੀ ਰਾਤ 1.15 ਵਜੇ ਹਥਿਆਰਾਂ ਬਾਰੇ ਸ਼ਿਕਾਇਤ ਮਿਲਣ ਪਿੱਛੋਂ ਸਰੀ ਆਰਸੀਐਮਪੀ ਅਤੇ ਲੋਅਰ ਮੇਨਲੈਂਡ ਇੰਟੀਗ੍ਰੇਟਿਡ ਐਮਰਜੈਂਸੀ ਰਿਸਪਾਂਸ ਟੀਮ ਮੌਕੇ ’ਤੇ ਪੁੱਜੀ। ਸਾਰਜੈਂਟ ਟੈਮੀ ਲੋਬ ਨੇ ਨਾਉ ਲੀਡਰ ਨੂੰ ਦੱਸਿਆ ਕਿ ਜਨਤਾ ਦੀ ਸੁਰੱਖਿਆ ਨੂੰ ਕੋਈ ਖ਼ਤਰਾ ਨਹੀਂ। ਹਥਿਆਰਾਂ ਸਬੰਧੀ ਫੋਨ ਕਾਲ ਮਿਲਣ ਪਿੱਛੋਂ ਉਥੇ ਵੱਡੀ ਗਿਣਤੀ ਵਿਚ ਪੁਲਿਸ ਪਹੁੰਚ ਗਈ। ਪੁਲਿਸ ਨੇ 128 ਸਟਰੀਟ ਤੇ ਓਲਡ ਯਾਲੇ ਰੋਡ ਵਿਚਕਾਰ 104 ਐਵੀਨਿਊ ਬੰਦ ਕਰ ਦਿੱਤਾ ਹੈ। ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

## ਥੋੜ੍ਹੇ ਸਮੇਂ ਦੀ ਕਿਰਾਇਆ ਮਾਰਕੀਟ ਨੂੰ ਨਿਯਮਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਸਰੀ

ਸਰੀ-ਸਰੀ ਸਿਟੀ ਸਟਾਫ ਸ਼ਹਿਰ ਦੀ ਥੋੜ੍ਹੇ ਸਮੇਂ ਦੀ ਕਿਰਾਇਆ ਮਾਰਕੀਟ ਨੂੰ ਨਿਯਮਤ ਕਰਨ ਨਾਲ ਸਬੰਧਤ ਮਤੇ ਨੂੰ ਕੌਂਸਲ ਵਲੋਂ ਪ੍ਰਵਾਨਗੀ ਦੇਣ ਪਿੱਛੋਂ ਥੋੜ੍ਹੇ ਸਮੇਂ ਦੀ ਕਿਰਾਇਆ ਮਾਰਕੀਟ ਦਾ ਮੁਲਾਂਕਣ ਕਰ ਰਿਹਾ ਹੈ। ਕੌਂਸਲ ਨੇ ਇਸ ਸਬੰਧੀ ਕੌਂਸਲਰ ਪ੍ਰਦੀਪ ਕੂਨਰ ਦੇ ਮਤੇ ਨੂੰ ਪ੍ਰਵਾਨਗ ਦੇ ਦਿੱਤੀ। ਕੌਂਸਲਰ ਪ੍ਰਦੀਪ ਕੂਨਰ ਨੇ ਇਕ ਮਤਾ ਪੇਸ਼ ਕਰਕੇ ਇਸ ਸ਼ਹਿਰ ਵਿਚ ਥੋੜ੍ਹੇ ਸਮੇਂ ਦੀਆਂ ਰਿਹਾਇਸ਼ਾਂ ਦੀ ਅੰਦਾਜਨ ਇਨਵੈਂਟਰੀ ਦੇ ਨਾਲ ਨਾਲ ਰੌਲੇ ਰੱਪੇ ਅਤੇ ਪਾਰਕਿੰਗ ਵਰਗੀਆਂ ਸ਼ਿਕਾਇਤਾਂ ਦੇ ਮਾੜੇ ਪ੍ਰਭਾਵ ਅਤੇ ਲੰਬੇ ਸਮੇਂ ਦੀ ਕਿਫਾਇਤੀ ਸੰਭਾਵੀ ਰਿਹਾਇਸ਼ੀ ਇਨਵੈਂਟਰੀ ਬਾਰੇ ਰਿਪੋਰਟ ਦੇਣ ਲਈ ਕਿਹਾ ਸੀ।

## ਆਰਸੀਐਮਪੀ ਦੇ ਸਾਬਾਕਾ ਮੁਲਾਜ਼ਮ ਖਿਲਾਫ ਕਈ ਅਪਰਾਧਾਂ ਦੇ ਦੋਸ਼

ਸਰੀ-ਆਰਸੀਐਮਪੀ ਦੇ ਸਾਬਕਾ ਪ੍ਰੋਬੇਸ਼ਨਰੀ ਕੰਸਟੇਬਲ ਖਿਲਾਫ ਕਈ ਜ਼ੁਰਮਾਂ ਦਾ ਦੋਸ਼ ਲਗਾਇਆ ਗਿਆ ਹੈ ਅਤੇ ਬੀਸੀ ਆਰਸੀਐਮਪੀ ਨੇ ਇਸ ਨੂੰ ਗੁੰਝਲਦਾਰ ਭ੍ਰਿਸ਼ਟਾਚਾਰ ਵਿਰੋਧੀ ਜਾਂਚ ਆਖਿਆ ਹੈ। ਦਾਊਦ ਸ਼ੌਕਰੀ 24 ਅਗਸਤ ਨੂੰ ਅਦਾਲਤ ਵਿਚ ਪੇਸ਼ ਹੋਵੇਗਾ ਅਤੇ ਉਸ ਉੱਪਰ 13 ਦੋਸ਼ ਲਗਾਏ ਗਏ ਹਨ ਜਿਸ ਵਿਚ ਦੋ ਦੋਸ਼ ਭੰਗ ਵੰਡਣ ਨਾਲ, ਇਕ ਦੋਸ਼ ਕੰਟਰੋਲ ਵਾਲੇ ਪਦਾਰਥ ਦੀ ਤਸਕਰੀ ਅਤੇ ਅੱਠ ਦੋਸ਼ ਭਰੋਸੇ ਦੀ ਉਲੰਘਣਾ ਨਾਲ ਸਬੰਧਤ ਹਨ। ਇਕ ਦੋਸ਼ ਡਕੈਤੀ ਕਰਨ ਦੀ ਸਾਜਿਸ਼ ਕਰਨ ਅਤੇ ਇਕ ਦੋਸ਼ 5000 ਡਾਲਰ ਦੀ ਚੋਰੀ ਕਰਨ ਨਾਲ ਸਬੰਧਤ ਹੈ। ਆਰਸੀਐਮਪੀ ਦੀ ਰਿਲੀਜ਼ ਮੁਤਾਬਿਕ 2020 ਦੀਆਂ ਗਰਮੀਆਂ ਦੌਰਾਨ ਬੀਸੀ ਆਰਸੀਐਮਪੀ ਨੂੰ ਪ੍ਰੋਬੇਸ਼ਨਰੀ ਸਰੀ ਮਾਊਂਟੀ ਦੇ ਦੋਸ਼ਾਂ ਬਾਰੇ ਪਤਾ ਲੱਗਾ ਸੀ ਅਤੇ ਇਸ ਪਿੱਛੋਂ ਜਾਂਚ ਸ਼ੁਰੂ ਕੀਤੀ ਗਈ। ਦੋਸ਼ਾਂ ਵਿਚ ਅਪਰਾਧੀਆਂ ਨਾਲ ਗਲਤ ਗੰਢਤੁਪ ਸ਼ਾਮਿਲ ਹੈ।

# ਸ਼੍ਰੋਮਣੀ ਕਮੇਟੀ 24 ਦੀ ਸਵੇਰ ਤੋਂ ਸ਼ੁਰੂ ਕਰੇਗੀ ਆਪਣਾ ਯੂਟਿਊਬ ਚੈਨਲ-ਧਾਮੀ

ਅੰਮ੍ਰਿਤਸਰ-ਇਥੇ ਹਰਿਮੰਦਰ ਸਾਹਿਬ ਵਿੱਚ ਹੁੰਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਵਾਸਤੇ ਸ਼੍ਰੋਮਣੀ ਕਮੇਟੀ ਨੇ 24 ਜੁਲਾਈ ਸਵੇਰ ਤੋਂ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਇੱਥੇ ਸ਼੍ਰੋਮਣੀ ਕਮੇਟੀ ਦੀ ਇੱਕ ਨੁਕਾਤੀ ਏਜੰਡੇ ’ਤੇ ਸੱਦੀ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਵਿੱਚ ਕੀਤਾ ਗਿਆ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਖੁਲਾਸਾ ਕੀਤਾ ਯੂਟਿਊਬ ਚੈਨਲ ਸ਼ੁਰੂ ਲਈ ਸ਼੍ਰੋਮਣੀ ਕਮੇਟੀ ਵੱਲੋਂ ਤਿੰਨ ਮਹੀਨੇ ਵਾਸਤੇ ਨਿੱਜੀ ਕੰਪਨੀ ਦੀਆਂ ਸੇਵਾਵਾਂ ਕਿਰਾਏ ‘ਤੇ ਲਈਆਂ ਗਈਆਂ ਹਨ। ਕੀਰਤਨ ਪ੍ਰਸਾਰਨ ਦੇ ਸਾਰੇ ਹੱਕ ਸ਼੍ਰੋਮਣੀ ਕਮੇਟੀ ਕੋਲ ਹੋਣਗੇ। ਕਮੇਟੀ ਵੱਲੋਂ ਜਲਦੀ ਹੀ ਆਪਣਾ ਸੈਟੇਲਾਈਟ ਚੈਨਲ ਵੀ ਸ਼ੁਰੂ ਕਰਨ ਲਈ ਯਤਨ ਕੀਤੇ ਜਾ ਰਹੇ ਹਨ ਤੇ ਇਸ ਬਾਰੇ ਕਮੇਟੀ ਦਾ ਵਫਦ ਜਲਦੀ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੂੰ ਮਿਲੇਗਾ। ਅਪਣਾ ਨਿੱਜੀ ਸੈਟੇਲਾਈਟ ਚੈਨਲ ਸ਼ੁਰੂ ਕਰਨ ਬਾਰੇ ਲੋੜੀਂਦੀ ਪ੍ਰਕਿਰਿਆ ਵੀ ਅਰੰਭ ਕਰ ਦਿੱਤੀ ਜਾਵੇਗੀ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਬ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਪਹਿਲਾਂ ਵਾਲੀ ਸਬ ਕਮੇਟੀ ਦੇ ਮੈਂਬਰ ਵੀ ਸ਼ਾਮਲ ਹਨ ਅਤੇ ਕੁਝ ਮਾਹਿਰਾਂ ਨੂੰ ਸ਼ਾਮਿਲ ਕੀਤਾ ਜਾਵੇਗਾ। ਕਮੇਟੀ ਦੀ ਮੀਟਿੰਗ ਤੋਂ ਬਾਅਦ ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਮੈਂਬਰ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਵੀ ਦਿੱਤੀ ਗਈ ਹੈ। ਪ੍ਰਧਾਨ ਨੇ ਆਖਿਆ ਕਿ ਇਹ ਸਮੁੱਚੀ ਕਾਰਵਾਈ ਅਕਾਲ ਤਖ਼ਤ ਦੇ ਦਿਸ਼ਾ ਨਿਰਦੇਸ਼ ਮੁਤਾਬਿਕ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਯੂਟਿਊਬ ਚੈਨਲ ਦਾ ਨਾਮ ਸ੍ਰੀ ਹਰਿਮੰਦਰ ਸਾਹਬਿ ਅੰਮ੍ਰਿਤਸਰ ਹੋਵੇਗਾ, ਜਿਸ ਤੋਂ ਸਵੇਰੇ ਅਤੇ ਸ਼ਾਮ ਵੇਲੇ ਕੀਰਤਨ ਦਾ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ।



# ਜੈ ਇੰਦਰ ਕੌਰ ਤੇ ਕੈਬਨਿਟ ਮੰਤਰੀ ਜੌੜਾਮਾਜਰਾ ਵਿਚਾਲੇ ਤਿੱਖੀ ਬਹਿਸ

ਪਟਿਆਲਾ-ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਲਿਜਾਣ ਵਾਸਤੇ ਕਿਸ਼ਤੀਆਂ ਲੈਣ ਲਈ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਧੀ ਤੇ ਭਾਜਪਾ ਦੀ ਸੂਬਾ ਮੀਤ ਪ੍ਰਧਾਨ ਜੈ ਇੰਦਰ ਕੌਰ ਅਤੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵਿਚਾਲੇ ਤਿੱਖੀ ਬਹਿਸ ਹੋ ਗਈ। ਇਸ ਦੌਰਾਨ ਦੋਵੇਂ ਆਗੂ ਇੱਕ ਦੂਜੇ ਨੂੰ ‘ਤੂੰ-ਤੂੰ, ਮੈਂ-ਮੈਂ’ ਕਰਦੇ ਵੀ ਸੁਣੇ ਗਏ। ਬਾਅਦ ਵਿੱਚ ਜੌੜਾਮਾਜਰਾ ਨੇ ਜੈ ਇੰਦਰ ਕੌਰ ‘ਤੇ ਹੜ੍ਹਾਂ ਲਈ ਵੰਡੀ ਜਾ ਰਹੀ ਸਰਕਾਰੀ ਰਾਹਤ ਕਾਰਜ ਵਿੱਚ ਵਿਘਨ ਪਾਉਣ ਦਾ ਦੋਸ਼ ਲਾਇਆ ਹੈ, ਜਦਕਿ ਜੈ ਇੰਦਰ ਕੌਰ ਦਾ ਕਹਿਣਾ ਸੀ ਕਿ ਮੰਤਰੀ ਵੱਲੋਂ ਹੜ੍ਹਾਂ ‘ਚ ਘਿਰੇ ਲੋਕਾਂ ਲਈ ਮੰਗੀ ਇੱਕ ਕਿਸ਼ਤੀ ਤੋਂ ਜਵਾਬ ਦੇਣ ਤੋਂ ਉਹ ਗੁੱਸੇ ਵਿੱਚ ਆ ਗਏ ਸਨ। ਇਹ ਘਟਨਾ ਹਰਿਆਣਾ ਦੀ ਹੱਦ ਨਾਲ ਲੱਗਦੇ ਪਿੰਡ ਸੱਸਾ ਗੁੱਜਰਾਂ ਵਿੱਚ ਉਸ ਵੇਲੇ ਵਾਪਰੀ ਜਦੋਂ ਸਰਕਾਰੀ ਰਾਹਤ ਕਾਰਜ ਦੀ ਦੇਖ ਰੇਖ ਕਰ ਰਹੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਜੌੜਾਮਾਜਰਾ ਦੀ ਅਗਵਾਈ ਵਿੱਚ ਟਰੈਕਟਰ ਟਰਾਲੀ ਤੋਂ ਕਿਸ਼ਤੀਆਂ ਉਤਾਰਕੇ ਕੁਝ ਆਗੂਆਂ ਨੂੰ ਅੱਗੇ ਵੱਲ ਭੇਜਿਆ ਜਾ ਰਿਹਾ ਸੀ। ਉਸੇ ਵੇਲੇ ਉੱਥੇ ਪੁੱਜੇ ਜੈ ਇੰਦਰ ਕੌਰ ਨੇ ਇੱਕ ਕਿਸ਼ਤੀ ਆਪਣੇ ਵੱਲੋਂ ਸ਼ੁਰੂ ਕੀਤੇ ਰਾਹਤ ਕਾਰਜਾਂ ਵਾਸਤੇ ਲੈਣੀ ਚਾਹੀ। ਇਸ ਦੌਰਾਨ ਮੰਤਰੀ ਤੇ ਜੈ ਇੰਦਰ ਕੌਰ ਵਿਚਾਲੇ ਮਾਹੌਲ ਤਣਾਅਪੂਰਨ ਹੋ ਗਿਆ। ਜੈਇੰਦਰ ਕੌਰ ਦਾ ਕਹਿਣਾ ਸੀ ਕਿ ਉਨ੍ਹਾਂ ਕਿਸ਼ਤੀ ਲਈ ਪਟਿਆਲਾ ਦੇ ਡਿਪਟੀ ਕਮਿਸ਼ਨਰ ਸਣੇ ਹੋਰ ਅਧਿਕਾਰੀਆਂ ਨੂੰ ਕਈ ਵਾਰ ਫੋਨ ਕੀਤੇ ਹਨ, ਪ੍ਰੰਤੂ ਕੋਈ ਵੀ ਅਮਲ ਨਹੀਂ ਹੋਇਆ। ਜੈ ਇੰਦਰ ਕੌਰ ਨੇ ਕਿਸ਼ਤੀਆਂ ਦੀ ਢੋਆ-ਢੁਆਈ ਵਿੱਚ ਲੱਗੇ ਟਰੈਕਟਰ ਉੱਤੇ ਚੜ੍ਹ ਕੇ ਜਬਰੀ ਰੋਕਣ ਦੀ ਵੀ



ਕੋਸ਼ਿਸ਼ ਕੀਤੀ। ਮੌਕੇ ਉੱਤੇ ਮੰਤਰੀ ਦਾ ਵੀ ਪਾਰਾ ਚੜ੍ਹ ਗਿਆ। ਜਦੋਂ ਜੈ ਇੰਦਰ ਨੇ ਗੁੱਸੇ ਵਿੱਚ ਜੌੜਾਮਾਜਰਾ ਨੂੰ ਪੁੱਛਿਆ ਕਿ ਤੁਸੀ ਕੌਣ ਹੋ? ਤਾਂ ਅੱਗੋਂ ਤੈਸ਼ ‘ਚ ਜਵਾਬ ਸੀ ਕਿ ‘ਮੈਂ ਮੰਤਰੀ ਹਾਂ’, ਜੌੜਾਮਾਜਰਾ ਨੇ ਇਹ ਵੀ ਆਖਿਆ ਕਿ ਤੁਸੀਂ ਕਿਹੜੀ ਹੈਸੀਅਤ ਨਾਲ ਹੁਕਮ ਚਲਾ ਰਹੇ ਹੋ? ਕਿਉਂ ਵਿਘਨ ਪਾ ਰਹੇ ਹੋ? ਜੈਇੰਦਰ ਕੌਰ ਨੇ ਕਿਹਾ,“ਤੁਸੀਂ ਕੁਝ ਨਹੀਂ ਕਰ ਰਹੇ, ਲੋਕ ਹੜ੍ਹ ‘ਚ ਡੁੱਬ ਰਹੇ ਹਨ, ਕੋਈ ਰਾਹਤ ਸਮੱਗਰੀ ਨਹੀਂ ਮਿਲ ਰਹੀ।“ ਜਦੋਂ ਮੰਤਰੀ ਜੌੜਾਮਾਜਰਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਆਖਿਆ ਕਿ ਜੈ ਇੰਦਰ ਕੌਰ ਨੇ ਜਿਵੇ ਹੜ੍ਹਾਂ ਦੀ ਰਾਹਤ ਸਮੱਗਰੀ ਦੀ ਵੰਡ ਵੇਲੇ ਵਿਘਨ ਪਾਇਆ ਹੈ, ਉਹ ਠੀਕ ਨਹੀਂ ਸੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਉਹ ਹੜ੍ਹ ਸੇਵਾ ਦੇ ਨਾਂ ਉੱਤੇ ਸਿਆਸਤ ਕਰ ਰਹੇ ਹਨ, ਜਦਕਿ ਸਿਆਸਤ ਦਾ ਵੇਲਾ ਨਹੀਂ ਹੈ। ਜੈ ਇੰਦਰ ਕੌਰ ਨੇ ਆਖਿਆ ਕਿ ਉਹ ਇੱਕ ਕਿਸ਼ਤੀ ਦੀ ਮੰਗ ਕਰ ਰਹੇ ਸਨ, ਜਿਸ ਤੋਂ ਮੰਤਰੀ ਨੇ ਜਬਰੀ ਇਨਕਾਰ ਕਰ ਦਿੱਤਾ, ਜੋ ਕਿ ਸੱਤਾ ਦਾ ਹੰਕਾਰ ਹੈ। ਉਧਰ ਕੈਬਨਿਟ ਮੰਤਰੀ ਜੌੜਾਮਾਜਰਾ ਅੱਜ ਧਰਮਹੇੜੀ, ਨਵਾਂ ਗਾਉਂ, ਸੱਸਾ ਥੇਹ, ਸੱਸਾ ਗੁੱਜਰਾਂ, ਮਾਂਗਟਾਂ ਆਦਿ ਪਿੰਡਾਂ ਵਿੱਚ ਲੋਕਾਂ ਲਈ ਖਾਣ-ਪੀਣ ਤੇ ਹੋਰ ਸਮੱਗਰੀ ਅਤੇ ਪਸ਼ੂਆਂ ਲਈ ਚਾਰਾ ਆਦਿ ਲੈ ਕੇ ਗਏ।

## ਕੇਜਰੀਵਾਲ ਅਤੇ ਸੰਜੈ ਸਿੰਘ ਨੂੰ 26 ਜੁਲਾਈ ਨੂੰ ਪੇਸ਼ ਹੋਣ ਦੀ ਹਦਾਇਤ

ਸਫ਼ਾ 1 ਦੀ ਬਾਕੀ

ਵਿਰੋਧ ਨਹੀਂ ਕੀਤਾ ਪਰ ਉਸ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਨਿਰਦੇਸ਼ ਦੇਵੇ ਕਿ ਦੋਵੇਂ ‘ਆਪ’ ਆਗੂ ਅਗਲੀ ਤਰੀਕ ‘ਤੇ ਜ਼ਰੂਰ ਹਾਜ਼ਰ ਰਹਿਣ ਕਿਉਂਕਿ ਮੁਕੱਦਮੇ ‘ਚ ਦੇਰੀ ਹੋ ਰਹੀ ਹੈ। ਅਰਜ਼ੀ ‘ਤੇ ਵਿਚਾਰ ਕਰਨ ਮਗਰੋਂ ਐਡੀਸ਼ਨਲ ਚੀਫ਼ ਮੈਟਰੋਪਾਲਿਟਨ ਮੈਜਿਸਟਰੇਟ ਐੱਸ ਜੇ ਪਾਂਚਾਲ ਨੇ ਕੇਜਰੀਵਾਲ ਅਤੇ ਸੰਜੈ ਸਿੰਘ ਨੂੰ ਨਿਰਦੇਸ਼ ਦਿੱਤੇ ਕਿ ਉਹ 26 ਜੁਲਾਈ ਨੂੰ ਅਦਾਲਤ ‘ਚ ਹਾਜ਼ਰ ਰਹਿਣ।










# ਯਮੁਨਾ ਦੇ ਪਾਣੀ ’ਚ ਡੁੱਬਣ ਲੱਗੀ ਦਿੱਲੀ, ਮੁੱਖ ਮੰਤਰੀ ਤੇ ਹੋਰ ਮੰਤਰੀਆਂ ਦੇ ਦਫ਼ਤਰਾਂ ਵਾਲੇ ਸਕੱਤਰੇਤ ’ਚ ਪਾਣੀ ਭਰਿਆ

ਨਵੀਂ ਦਿੱਲੀ (ਦਿਓਲ)-ਯਮੁਨਾ ਦੇ ਵਧਦੇ ਪੱਧਰ ਕਾਰਨ ਦਿੱਲੀ ਸਕੱਤਰੇਤ ਵਿੱਚ ਪਾਣੀ ਭਰ ਗਿਆ। ਇਥੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਨ੍ਹਾਂ ਦੀ ਕੈਬਨਿਟ ਅਤੇ ਹੋਰ ਸੀਨੀਅਰ ਨੌਕਰਸ਼ਾਹਾਂ ਦੇ ਨਿਵਾਸ-ਦਫ਼ਤਰ ਹਨ। ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਉਨ੍ਹਾਂ ਨੂੰ ਦਿੱਲੀ ਸਕੱਤਰੇਤ ਵਿੱਚ ਪਾਣੀ ਭਰਨ ਦੀ ਸੂਚਨਾ ਮਿਲੀ ਹੈ। ਉਨ੍ਹਾਂ ਕਿਹਾ ਕਿ ਉਹ ਸਥਿਤੀ ਨੂੰ ਲੈ ਕੇ ਟ੍ਰੈਫਿਕ ਪੁਲੀਸ ਅਤੇ ਹੋਰ ਏਜੰਸੀਆਂ ਨਾਲ ਤਾਲਮੇਲ ਕਰ ਰਹੇ ਹਨ। ਰਾਜਘਾਟ ਤੋਂ ਦਿੱਲੀ ਸਕੱਤਰੇਤ ਨੂੰ ਜਾਣ ਵਾਲੀ ਸੜਕ ਵੀ ਪਾਣੀ ਨਾਲ ਭਰੀ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕਸ਼ਮੀਰੀ ਗੇਟ ਅਤੇ ਪੁਰਾਣੇ ਲੋਹੇ ਦੇ ਪੁਲ ਦੇ ਵਿਚਕਾਰ ਦੀ ਰਿਗ ਰੋਡ ‘ਤੇ ਪਾਣੀ ਭਰ ਗਿਆ ਅਤੇ ਉੱਥੇ ਆਵਾਜਾਈ ਠੱਪ ਕਰ ਦਿੱਤੀ ਗਈ। ਗੀਤਾ ਕਲੋਨੀ ਵਿਚਲਾ ਸ਼ਮਸ਼ਾਨਘਾਟ ਪਾਣੀ ਦਾ ਪੱਧਰ ਜ਼ਿਆਦਾ ਵਧਣ ਕਾਰਨ ਬੰਦ ਕਰ ਦਿੱਤਾ ਗਿਆ ਹੈ। ਦਿੱਲੀ ਵਿੱਚ ਯਮੁਨਾ ਦਾ ਪਾਣੀ ਦਾ ਪੱਧਰ ਅੱਜ ਸਵੇਰੇ 208.48 ਮੀਟਰ ਤੱਕ ਵੱਧ ਗਿਆ, ਜਿਸ ਨਾਲ ਨੇੜਲੀਆਂ ਸੜਕਾਂ, ਜਨਤਕ ਅਤੇ ਨਿੱਜੀ ਬੁਨਿਆਦੀ ਢਾਂਚਾ ਡੁੱਬ ਗਿਆ ਅਤੇ ਨਦੀ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।




ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca
ਹੱਸਦੇ ਰਹੋ ਹਸਾਉਂਦੇ ਰਹੋ
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
A HISTORY OF THE SIKHS — KHUSHWANT SINGH
CONDITION OF The Sikhs in CANADA 1901-2001 — Gurcharan Singh
ਧੁੱਪਾਂ-ਛਾਂਵਾਂ — ਨਰਿੰਦਰ ਸਿੰਘ ਕਪੂਰ
ਅਣਗਾਹੇ ਰਾਹ
ਖਿੱਦੋ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ ‘ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ ‘ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਭਾਰਤੀ ਕੌਂਸਲਖਾਨੇ ਨੂੰ ਅੱਗ ਦੀ ਖ਼ਬਰ ਦਾ ਸੱਚ ਝੂਠ... ?

**ਸੁਖਵਿੰਦਰ ਸਿੰਘ ਚੋਹਲਾ**

ਬੀਤੀ 2 ਜੁਲਾਈ ਨੂੰ ਅਮਰੀਕਾ ਦੇ ਸ਼ਹਿਰ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲਖਾਨੇ ਦੇ ਸਾਹਮਣੇ ਅੱਗ ਲਗਾਏ ਜਾਣ ਦੀ ਇਕ ਵੀਡੀਓ ਨੂੰ ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਅਤੇ ਹਿੰਸਾ ਦਾ ਬਦਲਾ ਹਿੰਸਾ ਦੀ ਕੈਪਸ਼ਨ ਨਾਲ ਸੋਸ਼ਲ ਮੀਡੀਆ ਉਪਰ ਪਾਏ ਜਾਣ ਉਪਰੰਤ ਭਾਰਤੀ ਮੀਡੀਆ ਦੇ ਇਕ ਹਿੱਸੇ ਵਲੋਂ ਇਸਨੂੰ ਖਾਲਿਸਤਾਨੀ ਸਮਰਥਕਾਂ ਵਲੋਂ ਭਾਰਤੀ ਕੌਂਸਲਖਾਨੇ ਨੂੰ ਅੱਗੇ ਲਗਾਏ ਜਾਣ ਵਜੋ ਪ੍ਰਚਾਰਿਆ ਗਿਆ ਹੈ। ਨਿਰਪੱਖ ਮੀਡੀਆ ਰਿਪੋਰਟਾਂ ਮੁਤਾਬਿਕ ਵੱਡੇ ਤੜਕੇ ਲਗਪਗ ਡੇਢ- ਦੋ ਵਜੇ ਦੇ ਕਰੀਬ ਵਾਪਰੀ ਇਸ ਘਟਨਾ ਵਿਚ ਦੋ ਨਕਾਬਪੋਸ਼ ਨੌਜਵਾਨਾਂ ਨੂੰ ਕੌਂਸਲਖਾਨੇ ਦੇ ਬਾਹਰਲੇ ਗੇਟ ਉਪਰ ਤੇਲ ਛਿੜਕਣ ਉਪਰੰਤ ਅੱਗੇ ਲਗਾਏ ਜਾਣ ਦਾ ਦ੍ਰਿਸ਼ ਵੇਖਿਆ ਜਾ ਸਕਦਾ ਹੈ। ਇਸਤੋਂ ਜਾਹਰ ਹੈ ਕਿ ਸ਼ਰਾਰਤੀਆਂ ਨੇ ਇਹ ਕੰਮ ਰਾਤ ਦੇ ਹਨੇਰੇ ਵਿਚ ਕੀਤਾ ਤੇ ਫਰਾਰ ਹੋ ਗਏ। ਹੋਰ ਜਾਣਕਾਰੀ ਮੁਤਾਬਿਕ ਸ਼ਰਾਰਤੀਆਂ ਵਲੋਂ ਅੱਗ ਲਗਾਏ ਜਾਣ ਦੇ ਕੁਝ ਮਿੰਟਾਂ ਵਿਚ ਸ਼ਹਿਰ ਦਾ ਅੱਗ ਬੁਝਾਊ ਅਮਲਾ ਮੌਕੇ ਤੇ ਪਹੁੰਚ ਗਿਆ ਤੇ ਅੱਗ ਉਪਰ ਕਾਬੂ ਪਾ ਲਿਆ ਗਿਆ। ਜਿਆਦਾਤਰ ਖਬਰਾਂ ਵਿਚ ਕਿਹਾ ਗਿਆ ਕਿ ਅੱਗ ਬੁਝਾਉ ਅਮਲਾ ਮੌਕੇ ਤੇ ਪਹੁੰਚ ਗਿਆ ਤੇ ਕੌਂਸਲਖਾਨੇ ਦਾ ਵੱਡਾ ਨੁਕਸਾਨ ਹੋਣੋ ਬਚਾ ਲਿਆ ਗਿਆ। ਕੌਂਸਲਖਾਨੇ ਦੇ ਕਿਸੇ ਵੀ ਕਰਮਚਾਰੀ ਦੇ ਜ਼ਖਮੀ ਨਾ ਹੋਣ ਦੀ ਲਾਈਨ ਵੀ ਜੋੜੀ ਗਈ ਜਦੋਂਕਿ ਸਮਝਿਆ ਜਾ ਸਕਦਾ ਹੈ ਕਿ ਜਦੋਂ ਅੱਗ ਲਗਾਏ ਜਾਣ ਦੀ ਘਟਨਾ ਵਾਪਰੀ ਹੀ ਰਾਤ ਦੇ ਹਨੇਰੇ ਵਿਚ ਸੀ ਤਾਂ ਉਸ ਸਮੇਂ ਕਿਸੇ ਕਰਮਚਾਰੀ ਦਾ ਉਥੇ ਮੌਜੂਦ ਹੋਣਾ ਵੀ ਤਾਂ ਸੰਭਵ ਨਹੀ। ਤੱਥਸਾਰ ਹੈ ਕਿ ਸ਼ਰਾਰਤੀ ਅਨਸਰਾਂ ਵਲੋਂ ਇਸ ਘਟਨਾ ਨੂੰ ਜਿਵੇਂ ਵੀ ਅੰਜਾਮ ਦਿੱਤਾ ਗਿਆ ਪਰ ਸੋਸ਼ਲ ਮੀਡੀਆ ਉਪਰ ਵੀਡੀਓ ਪਾਏ ਜਾਣ ਉਪਰੰਤ ਖਬਰ ਇਵੇਂ ਪਰਚਾਰੀ ਗਈ ਕਿ ਖਾਲਿਸਤਾਨੀ ਸਮਰਥਕਾਂ ਨੇ ਭਾਰਤੀ ਅੰਬੈਸੀ ਨੂੰ ਅੱਗ ਲਗਾ ਦਿੱਤੀ ਤੇ ਉਥੇ ਮੌਜੂਦ ਕਰਮਚਾਰੀ ਵਾਲ ਵਾਲ ਬਚੇ ਹਨ। ਜੋ ਵੀ ਹੈ ਇਹ ਘਟਨਾ ਕਿਵੇਂ ਤੇ ਕਦੋਂ ਵਾਪਰੀ, ਇਸਦੀ ਜਾਂਚ ਪੜਤਾਲ ਅਮਰੀਕੀ ਪੁਲਿਸ ਤੇ ਖੁਫੀਆ ਵਿਭਾਗ ਕਰ ਰਹੇ ਹਨ ਪਰ ਇਸ ਦੌਰਾਨ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਵਲੋਂ ਇਸ ਘਟਨਾ ਦੀ ਟਵੀਟ ਰਾਹੀ ਨਿੰਦਾ ਕਰਨ ਤੇ ਇਸਨੂੰ ਅਪਰਾਧਿਕ ਘਟਨਾ ਕਰਾਰ ਦੇਣ ਦਾ ਅਰਥ ਇਹ ਹੈ ਕਿ ਘਟਨਾ ਜਿਵੇਂ ਵੀ ਵਾਪਰੀ, ਵਾਪਰੀ ਜ਼ਰੂਰ ਹੈ। ਇਸਨੂੰ ਫੇਕ ਕਹਿ ਦੇਣ ਨਾਲ ਹੀ ਛੁਟਕਾਰਾ ਨਹੀਂ।

ਇਸੇ ਦੌਰਾਨ ਖਾਲਿਸਤਾਨ-ਪੱਖੀਆਂ ਨੇ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਾ ਦੋਸ਼ ਭਾਰਤੀ ਏਜੰਸੀਆਂ ਉਪਰ ਲਗਾਉਂਦਿਆਂ ਕੈਲੀਫੋਰਨੀਆ ਅਤੇ ਟੋਰਾਂਟੋ ਵਿਚ ਜੋ ਰੋਸ ਰੈਲੀਆਂ ਕੱਢਣ ਦੇ ਐਲਾਨ ਕੀਤੇ ਹਨ, ਉਹਨਾਂ ਸਬੰਧੀ ਬਣਾਏ ਗਏ ਪੋਸਟਰਾਂ ਵਿਚ ਭਾਰਤੀ ਅੰਬੈਸੀਆਂ ਦੇ ਸੀਨੀਅਰ ਅਧਿਕਾਰੀਆਂ ਦੀਆਂ ਤਸਵੀਰਾਂ ਲਗਾਕੇ ਉਹਨਾਂ ਨੂੰ ਕਾਤਲ ਐਲਾਨ ਕਰਨਾ, ਬਹੁਤ ਹੀ ਗੰਭੀਰ ਮੁੱਦਾ ਹੈ। ਖਾਲਿਸਤਾਨੀ ਸਮਰਥਕਾਂ ਨੂੰ ਸਿੱਖ ਆਗੂ ਦੀ ਹੱਤਿਆ ਕਾਰਣ ਦੁੱਖ ਤੇ ਰੋਸ ਪ੍ਰਗਟਾਵੇ ਦਾ ਹੱਕ ਹੈ ਪਰ ਇਸ ਘਟਨਾ ਲਈ ਕਿਸੇ ਭਾਰਤੀ ਅਧਿਕਾਰੀ ਨੂੰ ਦੋਸ਼ੀ ਠਹਿਰਾਉਣਾ ਤੇ ਉਸਦੇ ਪੋਸਟਰ ਛਾਪ ਦੇਣੇ ਇਖਲਾਕੀ ਤੇ ਕਨੂੰਨੀ ਨੁਕਤਾ ਨਿਗਾਹ ਤੋਂ ਕਿਸੇ ਵੀ ਤਰਾਂ ਜਾਇਜ਼ ਨਹੀ। ਸਿੱਖ ਆਗੂ ਦੀ ਇਕ ਗੁਰੂ ਘਰ ਦੀ ਹਦੂਦ ਵਿਚ ਦੁਖਦਾਈ ਹੱਤਿਆ ਦੀ ਘਟਨਾ ਦੀ ਸੁਰੱਖਿਆ ਤੇ ਖੁਫੀਆ ਏਜੰਸੀਆਂ ਜਾਂਚ ਕਰ ਰਹੀਆਂ ਹਨ ਪਰ ਉਸ ਜਾਂਚ ਦੇ ਕਿਸੇ ਨਤੀਜੇ ਉਪਰ ਪੁੱਜਣ ਤੋਂ ਪਹਿਲਾਂ ਹੀ ਅਜਿਹੇ ਪੋਸਟਰ ਛਾਪਣੇ ਕਿਸੇ ਵਿਅਕਤੀ ਵਿਸ਼ੇਸ਼ ਦੀ ਸੁਰੱਖਿਆ ਨੂੰ ਖਤਰੇ ਵਿਚ ਪਾਉਣ ਦੇ ਨਾਲ ਸਮਾਜਿਕ ਸਦਭਾਵਨਾ ਨੂੰ ਸੱਟ ਮਾਰਨ ਦੇ ਨਾਲ ਮੁਲਕਾਂ ਦੇ ਸਫਾਰਤੀ ਰਿਸ਼ਤਿਆਂ ਲਈ ਵੀ ਨੁਕਸਾਨਦੇਹ ਹੈ । ਪਿਛਲੇ ਦਿਨੀ ਬਰੈਂਪਟਨ ਵਿਚ ਇਕ ਸਮਾਗਮ ਦੌਰਾਨ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਕਤਲ ਕੀਤੇ ਜਾਣ ਦੀ ਝਾਕੀ ਪੇਸ਼ ਕੀਤੇ ਜਾਣ ਦਾ ਵਿਵਾਦ ਅਜੇ ਠੱਲਿਆ ਨਹੀ ਕਿ ਹੁਣ ਇਹਨਾਂ ਪੋਸਟਰਾਂ ਦਾ ਮੁੱਦਾ ਭਖ ਗਿਆ ਹੈ। ਭਾਰਤ ਸਰਕਾਰ ਨੇ ਤਾਜਾ ਘਟਨਾਵਾਂ ਉਪਰ ਸਖਤ ਰੋਸ ਪ੍ਰਗਟ ਕਰਦਿਆਂ ਇਸਨੂੰ ਕੌਮਾਂਤਰੀ ਅੱਤਵਾਦ ਦੇ ਮੁੱਦੇ ਨਾਲ ਜੋੜਨ ਦਾ ਯਤਨ ਕਰਦਿਆਂ ਦੋਵਾਂ ਮੁਲਕਾਂ ਦੇ ਆਪਸੀ ਸਬੰਧਾਂ ਨੂੰ ਅਸਰਅੰਦਾਜ਼ ਕਰਨ ਵਾਲਾ ਦੱਸਿਆ ਹੈ। ਭਾਰਤ ਸਰਕਾਰ ਦੇ ਸਖਤ ਰੋਸ ਪ੍ਰਗਟਾਏ ਉਪਰੰਤ ਕੈਨੇਡੀਅਨ ਵਿਦੇਸ਼ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਸਫਾਈ ਦੇਣੀ ਪਈ ਹੈ ਕਿ ਉਹ ਅੱਤਵਾਦ ਦੇ ਮੁੱਦੇ ਉਪਰ ਕਦੇ ਵੀ ਨਰਮ ਨਹੀ।

ਸਭ ਜਾਣਦੇ ਹਨ ਕਿ ਦੁਨੀਆ ਦੇ ਵਿਕਸਿਤ ਮੁਲਕਾਂ ਵਿਸ਼ੇਸ਼ ਕਰਕੇ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਆਸਟਰੇਲੀਆ ਵਿਚ ਵਸਦੇ ਸਿਖ ਭਾਈਚਾਰੇ ਦਾ ਇਕ ਪ੍ਰਭਾਵਸ਼ਾਲੀ ਹਿੱਸਾ ਸਿੱਖ ਹਿੱਤਾਂ ਤੇ ਵੱਖਰੇ ਸਿੱਖ ਰਾਜ ਦੀ ਮੰਗ ਨੂੰ ਲੈਕੇ ਆਪਣੀ ਹੋਂਦ ਦਾ ਪ੍ਰਗਟਾਵਾ ਕਰਦਾ ਹੈ। ਵਿਕਸਿਤ ਮੁਲਕਾਂ ਦੇ ਸਿਆਸੀ ਗਲਿਆਰਿਆਂ ਤੱਕ ਉਹਨਾਂ ਦੀ ਪਹੁੰਚ ਹੈ। ਉਹ ਪੰਜਾਬ ਤੇ ਸਿੱਖ ਹਿੱਤਾਂ ਦੀ ਗੱਲ ਹੁੱਬਕੇ ਕਰਦੇ ਹਨ ਪਰ ਸੱਚਾਈ ਇਹ ਹੈ ਕਿ ਉਹ ਭਾਰਤ ਦੇ ਜਿਸ ਪੰਜਾਬ ਪ੍ਰਾਂਤ ਵਿਚ ਅਜਿਹੇ ਰਾਜ ਦੀ ਸਥਾਪਨਾ ਦੀ ਕਲਪਨਾ ਕਰਦੇ ਹਨ, ਉਥੋਂ ਦੇ ਵਸਨੀਕਾਂ ਨੂੰ ਇਹ ਕੁਝ ਯਾਦ ਚਿੱਤ ਵੀ ਨਹੀ। ਪੰਜਾਬ ਵਿਚ ਵਸਦੇ ਲੋਕਾਂ ਦੀਆਂ ਆਪਣੀਆਂ ਲੋੜਾਂ ਤੇ ਸਮੱਸਿਆਵਾਂ ਹਨ ਜਿਹਨਾਂ ਲਈ ਉਹ ਆਪਣੇ ਢੰਗ ਸੰਘਰਸ਼ ਕਰਦੇ ਵੀ ਹਨ। ਸਾਲ 2020-21 ਦੇ ਕਿਸਾਨੀ ਘੋਲ ਵਿਚ ਪੰਜਾਬੀ ਕਿਸਾਨਾਂ ਦੀ ਅਗਵਾਈ ਤੇ ਜਿੱਤ ਨੂੰ ਪੂਰੀ ਦੁਨੀਆ ਨੇ ਖੜ ਕੇ ਵੇਖਿਆ ਹੈ। ਉਹ ਲੋਕ ਜਾਣਦੇ ਹਨ ਕਿ ਫਿਰੂਕ ਨਫਰਤ ਦੀ ਥਾਂ ਭਾਈਚਾਰਕ ਸਾਂਝਾਂ ਨੂੰ ਮਜ਼ਬੂਤ ਕਰਨਾ ਤੇ ਜਮਹੂਰੀ ਢੰਗ ਤਰੀਕਿਆਂ ਨਾਲ ਹੀ ਸਮੇਂ ਦੇ ਹਾਕਮਾਂ ਤੇ ਸਿਸਟਮ ਨਾਲ ਲੜਿਆ ਜਾ ਸਕਦਾ ਹੈ। ਪ੍ਰਾਂਤਾਂ ਜਾਂ ਮੁਲਕਾਂ ਦੇ ਟੋਟੇ ਕਰਕੇ ਕਿਸੇ ਨਵੇਂ ਮੁਲਕ ਦਾ ਨਿਰਮਾਣ ਲੋਕ ਸਮੱਸਿਆਵਾਂ ਦਾ ਕੋਈ ਸਦੀਵੀ ਹੱਲ ਨਹੀ ਹੁੰਦਾ। ਮਾਨਵੀ ਸਮੱਸਿਆਵਾਂ ਦਾ ਹੱਲ ਤੇ ਅਸਲ ਖੁਸ਼ੀ ਤਾਂ ਸਰਬੱਤ ਦਾ ਭਲਾ ਦੇ ਸਿਧਾਂਤ ਵਿਚ ਹੈ ਜੋ ਸਿੱਖ ਜਗਤ ਨੂੰ ਗੁਰੂ ਬਾਬੇ ਦੇ ਕੇ ਗਏ ਹਨ। ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ ਦਾ ਸੰਦੇਸ਼ ਦੇਣ ਵਾਲੇ ਗੁਰੂ ਬਾਬੇ ਦੇ ਪੈਰੋਕਾਰ ਹੋਣ ਦਾ ਦਾਅਵਾ ਕਰਨ ਵਾਲੇ ਲੋਕਾਂ ਲਈ ਸਰਬੱਤ ਦੇ ਭਲੇ ਦਾ ਪਰਚਮ ਲਹਿਰਾਉਂਦਿਆਂ ਪਾਤਸ਼ਾਹੀ ਦਾਅਵੇ ਦੇ ਅਰਥ ਇੰਨੇ ਸੰਕੀਰਨ ਕਿਵੇਂ ਹੋ ਸਕਦੇ ਹਨ ? ਹਨੇਰੇ ਵਿਚ ਤੀਲੀ ਲਗਾਉਂਦੇ ਹੱਥਾਂ ਦੀ ਪਹਿਚਾਣ ਕੌਣ ਕਰੇ ?




ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL — KULWANT ATWAL 604-716-2135
MORTGAGES 1st, 2nd or Private — BHAJAN ATWAL 604-773-8426
BUILD WITH WARRANTY — BUILD, SUPPORT & ADVICE TEAM WORK — 604-773-8426 604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426





# ਘੱਗਰ ਤੇ ਸਤਲੁਜ ਦਰਿਆਵਾਂ ਵਿਚ ਪਾੜ ਪੈਣ ਨਾਲ ਪਟਿਆਲਾ ਤੇ ਸੰਗਰੂਰ ਜਿਲੇ ਪਾਣੀ ਵਿਚ ਡੁੱਬੇ-ਭਾਰੀ ਬਾਰਿਸ਼ ਕਾਰਣ ਪੰਜਾਬ ਭਰ ਵਿਚ ਹੜ ਆਏ

ਚੰਡੀਗੜ੍ਹ-ਪੰਜਾਬ 'ਚ ਹੁਣ ਘੱਗਰ ਤੇ ਸਤਲੁਜ ਦੇ ਪਾਣੀ ਨੇ ਸਰਹੱਦੀ ਪੱਟੀ ਅਤੇ ਸੰਗਰੂਰ ਜ਼ਿਲ੍ਹੇ ਨੂੰ ਲਪੇਟ ਵਿਚ ਲੈ ਲਿਆ ਹੈ। ਹਾਲਾਂਕਿ ਦੋ ਦਿਨਾਂ ਤੋਂ ਮੌਸਮ ਸਾਫ਼ ਹੈ ਪ੍ਰੰਤੂ ਦੋਵੇਂ ਦਰਿਆਵਾਂ ਦੇ ਪਾਣੀਆਂ ਨਾਲ ਤਬਾਹੀ ਰੁਕ ਨਹੀਂ ਰਹੀ ਹੈ। ਘੱਗਰ ਦਾ ਪਾਣੀ ਮਾਨਸਾ ਜ਼ਿਲ੍ਹੇ 'ਚ ਵੀ ਪਹੁੰਚ ਗਿਆ ਹੈ। ਬੇਸ਼ੱਕ ਦਰਿਆਵਾਂ ਵਿਚ ਪਾਣੀ ਦਾ ਪੱਧਰ ਘਟਣਾ ਸ਼ੁਰੂ ਹੋ ਗਿਆ ਹੈ ਪਰ ਖ਼ਤਰਾ ਪੂਰੀ ਤਰ੍ਹਾਂ ਟਲਿਆ ਨਹੀਂ ਹੈ। ਪਾਕਿਸਤਾਨ ਨੇ ਸੁਲੇਮਾਨ ਹੈੱਡ ਵਰਕਸ ਦੇ ਫਲੱਡ ਗੇਟ ਖੋਲ੍ਹ ਦਿੱਤੇ ਹਨ ਜਿਸ ਨੇ ਫ਼ਾਜ਼ਿਲਕਾ ਤੇ ਫ਼ਿਰੋਜ਼ਪੁਰ ਨੂੰ ਹਲਕੀ ਰਾਹਤ ਦਿੱਤੀ ਹੈ। ਜਲ ਸਰੋਤ ਵਿਭਾਗ ਨੇ 10 ਜੁਲਾਈ ਨੂੰ ਕੇਂਦਰੀ ਜਲ ਸਰੋਤ ਮੰਤਰਾਲੇ ਨੂੰ ਜਾਣਕਾਰੀ ਭੇਜੀ ਸੀ ਕਿ ਸਤਲੁਜ ਦਾ ਕਰੀਬ ਦੋ ਲੱਖ ਕਿਊਸਿਕ ਪਾਣੀ ਪਾਕਿਸਤਾਨ ਵੱਲ ਛੱਡਿਆ ਜਾਵੇਗਾ। ਨਿਯਮਾਂ ਅਨੁਸਾਰ ਜੇਕਰ 50 ਹਜ਼ਾਰ ਕਿਊਸਿਕ ਤੋਂ ਵੱਧ ਪਾਣੀ ਪਾਕਿਸਤਾਨ ਵੱਲ ਛੱਡਣਾ ਹੋਵੇ ਤਾਂ ਉਸ ਬਾਰੇ ਅਗੇਤੀ ਸੂਚਨਾ ਦੇਣੀ ਲਾਜ਼ਮੀ ਹੁੰਦੀ ਹੈ। ਹਰੀਕੇ ਹੈੱਡ ਵਰਕਸ ਤੋਂ ਦੋ ਲੱਖ ਕਿਊਸਿਕ ਪਾਣੀ ਛੱਡਿਆ ਗਿਆ ਹੈ ਜੋ ਅੱਗੇ ਪਾਕਿਸਤਾਨ ਦੇ ਕਸੂਰ ਅਤੇ ਮੁੜ ਹੁਸੈਨੀਵਾਲਾ ਲਾਗੇ ਦਾਖ਼ਲ ਹੁੰਦਾ ਹੈ ਤੇ ਫਿਰ ਪਾਕਿਸਤਾਨ ਵੱਲ ਜਾਂਦਾ ਹੈ। ਫ਼ਾਜ਼ਿਲਕਾ ਤੇ ਫ਼ਿਰੋਜ਼ਪੁਰ ਵਿਚ ਮੀਂਹ ਬਹੁਤ ਹੀ ਘੱਟ ਪਿਆ ਹੈ ਅਤੇ ਇੱਥੇ ਸਤਲੁਜ ਦੇ ਪਾਣੀ ਦੀ ਮਾਰ ਜ਼ਰੂਰ ਵਧ ਗਈ ਹੈ। ਪ੍ਰਸ਼ਾਸਨ ਨੇ ਰਾਹਤ ਕੈਂਪ ਬਣਾਏ ਹਨ ਅਤੇ ਦਰਜਨਾਂ ਪਿੰਡ ਪਾਣੀ ਦੀ ਮਾਰ ਹੇਠ ਆ ਗਏ ਹਨ। ਤਰਨ ਤਾਰਨ ਅਤੇ ਪੱਟੀ ਦੇ ਪਿੰਡਾਂ ਵਿਚ ਪਾਣੀ ਦਾਖ਼ਲ ਹੋ ਚੁੱਕਾ ਹੈ। ਭਾਰਤ-ਪਾਕਿ ਕੌਮਾਂਤਰੀ ਸੀਮਾ 'ਤੇ ਕੰਡਿਆਲੀ ਤਾਰ ਲਾਗਲੇ ਖੇਤ ਵੀ ਪ੍ਰਭਾਵਿਤ ਹੋ ਚੁੱਕੇ ਹਨ। ਇਸੇ ਤਰ੍ਹਾਂ ਘੱਗਰ ਵਿਚ ਪਾਣੀ ਘਟਿਆ ਹੈ ਪਰ ਦੋ ਦਿਨ ਪਹਿਲਾਂ ਚੱਲਿਆ ਪਾਣੀ ਮੂਨਕ-ਖਨੌਰੀ ਪੁੱਜ ਗਿਆ ਹੈ ਜਿਸ ਕਾਰਨ ਮਕਰੋੜ, ਮੰਡਵੀ ਅਤੇ ਫੂਲਦ ਪਿੰਡਾਂ ਲਾਗੇ ਘੱਗਰ ਵਿਚ ਪਾੜ ਪੈ ਗਿਆ ਹੈ। ਮੂਨਕ ਅਤੇ ਖਨੌਰੀ ਦੇ ਪਿੰਡਾਂ ਵਿਚ ਪਾਣੀ ਦਾਖ਼ਲ ਹੋਣ ਕਾਰਨ ਫ਼ੌਜ ਨੇ ਮੋਰਚਾ ਸੰਭਾਲ ਲਿਆ ਹੈ। ਘੱਗਰ ਨੇੜਲੇ ਖੇਤ ਪਾਣੀ ਵਿਚ ਜਲ-ਥਲ ਹੋ ਗਏ ਹਨ। ਪਟਿਆਲਾ ਜ਼ਿਲ੍ਹੇ ਵਿਚ ਹਰਿਆਣਾ ਤੋਂ ਆਉਂਦੀ ਟਾਂਗਰੀ ਨਦੀ ਵੀ ਦੋ-ਤਿੰਨ ਥਾਵਾਂ ਤੋਂ ਟੁੱਟ ਗਈ ਹੈ। ਪਟਿਆਲਾ ਦੇ ਪ੍ਰਭਾਵਿਤ ਪਿੰਡਾਂ ਵਿਚ ਰਾਹਤ ਕਾਰਜ ਮੱਠੇ ਚੱਲ ਰਹੇ ਹਨ ਜਦੋਂ ਕਿ ਸ਼ਹਿਰ ਵਿਚ ਕਾਫ਼ੀ ਤੇਜ਼ ਹਨ। ਪੌਂਗ ਡੈਮ ਵਿਚੋਂ ਬਿਆਸ ਵਿਚ ਆਇਆ ਪਾਣੀ ਹਾਲੇ ਕੰਟਰੋਲ ਹੇਠ ਹੀ ਹੈ। ਰੋਪੜ, ਪਟਿਆਲਾ, ਫ਼ਤਿਹਗੜ੍ਹ ਸਾਹਬਿ, ਮੁਹਾਲੀ ਅਤੇ ਜਲੰਧਰ ਜ਼ਿਲ੍ਹਿਆਂ ਵਿਚ ਰਾਹਤ ਕੰਮ ਚੱਲ ਰਹੇ ਹਨ ਅਤੇ ਧੁੱਸੀ ਬੰਨ੍ਹ ਵਿਚ ਪਏ ਪਾੜ ਪੂਰੇ ਜਾ ਰਹੇ ਹਨ। ਮੌਸਮ ਵਿਭਾਗ ਨੇ ਆਉਂਦੇ ਤਿੰਨ-ਚਾਰ ਦਿਨ ਰਾਹਤ ਭਰੇ ਦੱਸੇ ਹਨ ਪ੍ਰੰਤੂ 16 ਜੁਲਾਈ ਤੱਕ ਕੁੱਝ ਥਾਵਾਂ 'ਤੇ ਬਾਰਸ਼ ਪੈਣ ਦੀ ਭਵਿੱਖਬਾਣੀ ਕੀਤੀ ਹੈ। ਹਿਮਾਚਲ ਪ੍ਰਦੇਸ਼ ਵਿਚ 15 ਜੁਲਾਈ ਤੋਂ ਮੁੜ ਪੈਣ ਵਾਲਾ ਮੀਂਹ ਪੰਜਾਬ ਲਈ ਚੰਗਾ ਨਹੀਂ ਹੈ ਕਿਉਂਕਿ ਇਹ ਮੀਂਹ ਡੈਮਾਂ 'ਚ ਪਾਣੀ ਦਾ ਪੱਧਰ ਵਧਾਏਗਾ। ਪੰਜਾਬ ਵਿਚ ਲੰਘੇ 24 ਘੰਟਿਆਂ ਵਿਚ ਅੱਠ ਮੌਤਾਂ ਹੋਈਆਂ ਹਨ ਜਿਸ ਨਾਲ ਮੀਹਾਂ ਦੌਰਾਨ ਹੋਣ ਵਾਲੀਆਂ ਮੌਤਾਂ ਦਾ ਅੰਕੜਾ 16 ਹੋ ਗਿਆ ਹੈ। ਕੋਟਕਪੂਰਾ ਵਿਚ ਘਰ ਦੀ ਛੱਤ ਡਿੱਗਣ ਨਾਲ ਇੱਕੋ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ ਹੈ ਜਦੋਂ ਕਿ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਹੈ। ਮਾਛੀਵਾੜਾ ਦੀ ਇੰਦਰਾ ਕਾਲੋਨੀ ਵਿਚ ਵੀ ਇੱਕ ਵਿਅਕਤੀ ਦੀ ਮੌਤ ਜ਼ਹਿਰੀਲੇ ਸੱਪ ਦੇ ਡੱਸਣ ਨਾਲ ਹੋਈ ਹੈ ਜੋ ਮੀਂਹ ਦੇ ਪਾਣੀ ਵਿਚ ਆਇਆ ਸੀ। ਉਧਰ ਪਟਿਆਲਾ ਅਤੇ ਫ਼ਤਿਹਗੜ੍ਹ ਸਾਹਬਿ ਜ਼ਿਲ੍ਹਿਆਂ ਵਿਚ ਦੋ-ਦੋ ਮੌਤਾਂ ਹੋਈਆਂ ਹਨ।



## ਇੱਕ ਇੱਕ ਪੈਸੇ ਦੀ ਭਰਪਾਈ ਕਰਾਂਗੇ- ਮੁੱਖ ਮੰਤਰੀ

ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿਚ ਮੀਂਹ ਕਾਰਨ ਲੋਕਾਂ ਦੇ ਹੋਏ ਨੁਕਸਾਨ ਦੇ ਇੱਕ-ਇੱਕ ਪੈਸੇ ਦੀ ਪੂਰਤੀ ਕਰਨ ਦੀ ਗੱਲ ਆਖੀ ਹੈ। ਉਨ੍ਹਾਂ ਕਿਹਾ ਕਿ ਉਹ ਹਾਲਾਤ ਉੱਤੇ ਪਲ-ਪਲ ਨਜ਼ਰ ਰੱਖ ਰਹੇ ਹਨ ਅਤੇ ਸਾਰੀਆਂ ਰਿਪੋਰਟਾਂ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਮੁਸ਼ਕਲ ਦੀ ਇਸ ਘੜੀ ਵਿੱਚ ਲੋਕਾਂ ਨੂੰ ਬਚਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਸੂਬੇ ਦੇ ਸਭ ਤੋਂ ਵੱਧ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਤੇ ਬਚਾਅ ਕਾਰਜ ਚਲਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਸਾਰੇ ਡੈਮ ਸੁਰੱਖਿਅਤ ਹਨ ਅਤੇ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਵਗ ਰਿਹਾ ਹੈ। ਉਨ੍ਹਾਂ ਉਮੀਦ ਜਤਾਈ ਕਿ ਬੁੱਧਵਾਰ ਸ਼ਾਮ ਤੱਕ ਸੂਬੇ ਵਿੱਚ ਹਾਲਾਤ ਵਿੱਚ ਸੁਧਾਰ ਹੋ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪਾਣੀ ਦੇ ਪੱਧਰ ਨੂੰ ਦੇਖਦਿਆਂ ਲੋਕਾਂ ਦੇ ਜਾਨ ਤੇ ਮਾਲ ਦੀ ਰਾਖੀ ਕਰਨ ਲਈ ਮਸ਼ੀਨਰੀ ਦਾ ਵਿਆਪਕ ਪ੍ਰਬੰਧ ਕੀਤਾ ਗਿਆ ਹੈ। ਇਸੇ ਦੌਰਾਨ ਖੇਤੀ ਵਿਭਾਗ ਨੇ ਅੱਜ ਸੂਬੇ ਵਿਚ ਬਰਸਾਤਾਂ ਕਾਰਨ ਹੋਏ ਫ਼ਸਲੀ ਨੁਕਸਾਨ ਦੀ ਰਿਪੋਰਟ ਮੰਗ ਲਈ ਹੈ। ਮਹਿਕਮੇ ਦੇ ਡਾਇਰੈਕਟਰ ਨੇ ਅੱਜ ਜ਼ਿਲ੍ਹਾ ਖੇਤੀਬਾੜੀ ਅਫ਼ਸਰਾਂ ਨੂੰ ਪੱਤਰ ਭੇਜ ਕੇ ਮੀਹਾਂ ਕਾਰਨ ਨੁਕਸਾਨੀ ਫ਼ਸਲ ਅਤੇ ਘੱਟ ਨੁਕਸਾਨ ਵਾਲੀ ਫ਼ਸਲ ਦੇ ਵੇਰਵੇ ਫ਼ੌਰੀ ਮੰਗੇ ਹਨ। ਜਿਹੜੀ ਫ਼ਸਲ ਮੁੜ ਚੱਲ ਸਕਦੀ ਹੈ ਅਤੇ ਜਿਸ ਦੀ ਮੁੜ ਬਿਜਾਂਦ ਦੀ ਘੱਟ ਸੰਭਾਵਨਾ ਹੈ, ਉਸ ਦੇ ਵੇਰਵੇ ਵੀ ਮੰਗੇ ਗਏ ਹਨ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
604-594-0616







# ਪ੍ਰਧਾਨ ਮੰਤਰੀ ਮੋਦੀ ਵਲੋਂ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਲਈ ਫਰਾਂਸ ਦਾ ਦੌਰਾ

ਸਫ਼ਾ 1 ਦੀ ਬਾਕੀ

ਮੋਦੀ ਨੇ ਆਪਣੇ ਫਰਾਂਸੀਸੀ ਹਮਰੁਤਬਾ ਐਲਿਜ਼ਬੈੱਥ ਬੋਰਨ ਤੇ ਸੈਨੇਟ ਮੁਖੀ ਜੇਰਾਰਡ ਲਾਰਚਰ ਨਾਲ ਬੈਠਕਾਂ ਕੀਤੀਆਂ। ਉਨ੍ਹਾਂ ਯੂਰੋਪੀਅਨ ਮੁਲਕ ਨਾਲ ਰਣਨੀਤਕ ਭਾਈਵਾਲੀ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਣ ਬਾਰੇ ਵਿਚਾਰ ਵਟਾਂਦਰਾ ਕੀਤਾ। ਮੋਦੀ ਮਗਰੋਂ ਪੈਰਿਸ ਦੇ ਹੋਟਲ ਵਿੱਚ ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਮਿਲੇ। ਹੋਟਲ ਦੇ ਬਾਹਰ ਜੁੜੇ ਭਾਰਤੀ ਭਾਈਚਾਰੇ ਨੇ ਮੋਦੀ ਨਾਲ ਮੁਲਾਕਾਤ ਦੌਰਾਨ 'ਭਾਰਤ ਮਾਤਾ ਦੀ ਜੈਂ' ਦੇ ਨਾਅਰੇ ਵੀ ਲਾਏ। ਮੋਦੀ ਮਗਰੋਂ ਫਰਾਂਸੀਸੀ ਲੀਡਰਸ਼ਿਪ, ਸੀਈਓ'ਜ਼ ਤੇ ਉੱਘੀਆਂ ਹਸਤੀਆਂ ਨੂੰ ਵੀ ਮਿਲੇ।

## 26 ਰਾਫ਼ਾਲ ਅਤੇ ਤਿੰਨ ਸਕੌਰਪੀਨ ਪਣਡੁੱਬੀਆਂ ਦੀ ਖਰੀਦ ਨੂੰ ਮਨਜ਼ੂਰੀ

ਭਾਰਤ ਨੇ ਫਰਾਂਸ ਤੋਂ ਰਾਫਾਲ ਲੜਾਕੂ ਜਹਾਜ਼ਾਂ ਦੇ 26 ਨੇਵਲ ਵੇਰੀਐਂਟ (ਜਲਸੈਨਾ ਲਈ ਵਰਤੇ ਜਾਣ ਵਾਲੇ ਪ੍ਰਾਰੂਪ) ਅਤੇ ਤਿੰਨ ਸਕੌਰਪੀਨ ਸ਼੍ਰੇਣੀ ਦੀਆਂ ਪਣਡੁੱਬੀਆਂ ਖਰੀਦਣ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਵਾਲੀ ਡਿਫੈਂਸ ਐਕੁਜ਼ੀਸ਼ਨ ਕੌਂਸਲ (ਡੀਏਸੀ) ਨੇ ਖਰੀਦ ਤਜਵੀਜ਼ਾਂ ਨੂੰ ਅਜਿਹੇ ਮੌਕੇ ਹਰੀ ਝੰਡੀ ਦਿੱਤੀ ਹੈ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਤੋਂ ਦੋ ਦਿਨਾ ਪੈਰਿਸ ਯਾਤਰਾ 'ਤੇ ਹਨ। ਰੱਖਿਆ ਵਿਭਾਗ ਵਿਚਲੇ ਸੂਤਰਾਂ ਨੇ ਦੱਸਿਆ ਕਿ 26 ਰਾਫੇਲ-ਐੱਮ ਜਹਾਜ਼ਾਂ ਵਿੱਚੋਂ ਚਾਰ ਏਅਰਕ੍ਰਾਫਟ ਟ੍ਰੇਨਰ ਹੋਣਗੇ। ਰਾਫੇਲ-ਐੱਮ ਲੜਾਕੂ ਜਹਾਜ਼ ਡੈੱਕ-ਅਧਾਰਿਤ ਪਲੇਟਫਾਰਮ ਦਾ ਨੇਵਲ ਵੇਰੀਐਂਟ ਹੈ। ਉਨ੍ਹਾਂ ਕਿਹਾ ਕਿ ਜਹਾਜ਼ਾਂ ਦੀ ਡਲਿਵਰੀ ਇਕਰਾਰਨਾਮੇ 'ਤੇ ਹਸਤਾਖਰ ਹੋਣ ਤੋਂ ਤਿੰਨ ਸਾਲਾਂ ਦੇ ਅੰਦਰ ਸ਼ੁਰੂ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਸਮਝੌਤੇ ਨੂੰ ਅੰਤਿਮ ਰੂਪ ਦੇਣ ਵਿੱਚ ਇੱਕ ਸਾਲ ਦਾ ਸਮਾਂ ਲੱਗ ਸਕਦਾ ਹੈ ਕਿਉਂਕਿ ਕੀਮਤ ਨੂੰ ਲੈ ਕੇ ਅਜੇ ਵਿਸਥਾਰਿਤ ਗੱਲਬਾਤ ਕੀਤੀ ਜਾਣੀ ਹੈ। ਮੰਤਰਾਲੇ ਨੇ ਕਿਹਾ, "ਡੀਏਸੀ ਨੇ 26 ਰਾਫ਼ਾਲ ਸਾਗਰੀ ਲੜਾਕੂ ਜਹਾਜ਼ਾਂ ਦੀ ਖਰੀਦ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਵਿੱਚ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਵਿਚਾਲੇ ਕਰਾਰ (ਆਈਜੀਏ) ਤਹਿਤ ਫਰਾਂਸ ਸਰਕਾਰ ਵੱਲੋਂ ਭਾਰਤੀ ਜਲਸੈਨਾ ਨੂੰ ਸਹਾਇਕ ਸਾਜ਼ੋ-ਸਮਾਨ, ਹਥਿਆਰ, ਸਿਮੂਲੇਟਰ, ਪੁਰਜ਼ੇ, ਦਸਤਾਵੇਜ਼, ਅਮਲੇ ਦੀ ਸਿਖਲਾਈ ਤੇ ਲੌਜਿਸਟਿਕ ਸਪੋਰਟ ਮੁਹੱਈਆ ਕਰਵਾਈ ਜਾਵੇਗੀ।" ਰੱਖਿਆ ਖਰੀਦ ਨਾਲ ਜੁੜੇ ਇਸ ਨਵੇਂ ਕਰਾਰ ਦਾ ਪ੍ਰਧਾਨ ਮੰਤਰੀ ਮੋਦੀ ਤੇ ਫਰੈਂਚ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਸ਼ੁੱਕਰਵਾਰ ਨੂੰ ਐਲਾਨ ਕਰ ਸਕਦੇ ਹਨ। ਡੀਏਸੀ ਨੇ ਤਿੰਨ ਵਾਧੂ ਸਕੌਰਪੀਨ ਪਣਡੁੱਬੀਆਂ ਖਰੀਦਣ ਦੀ ਵੀ ਪ੍ਰਵਾਨਗੀ ਦਿੱਤੀ ਹੈ। ਇਹ ਪਣਡੁੱਬੀਆਂ ਮਾਜ਼ਾਗਾਓਂ ਡੌਕ ਸ਼ਿਪਬਿਲਡਰਜ਼ ਲਿਮਟਿਡ (ਐੱਮਡੀਐੱਲ) ਵੱਲੋਂ ਤਿਆਰ ਕੀਤੀਆਂ ਜਾਣੀਆਂ ਹਨ। ਮੰਤਰਾਲੇ ਨੇ ਕਿਹਾ ਕਿ ਉੱਚ ਸਵਦੇਸ਼ੀ ਸਮੱਗਰੀ ਨਾਲ ਲੈਸ ਇਨ੍ਹਾਂ ਵਾਧੂ ਪਣਡੁੱਬੀਆਂ ਦੀ ਖਰੀਦ ਨਾ ਸਿਰਫ ਭਾਰਤੀ ਜਲਸੈਨਾ ਦੇ ਲੋੜੀਂਦੇ ਬਲ ਪੱਧਰ ਅਤੇ ਸੰਚਾਲਨ ਤਿਆਰੀ ਨੂੰ ਕਾਇਮ ਰੱਖਣ ਵਿਚ ਮਦਦ ਕਰੇਗੀ, ਸਗੋਂ ਘਰੇਲੂ ਖੇਤਰ ਵਿਚ ਰੁਜ਼ਗਾਰ ਦੇ ਅਹਿਮ ਮੌਕੇ ਵੀ ਪੈਦਾ ਹੋਣਗੇ।

# ਬੈਂਕ ਆਫ ਕੈਨੇਡਾ ਵਲੋਂ ਵਿਆਜ਼ ਦਰਾਂ 'ਚ ਮੁੜ ਵਾਧਾ

ਸਫ਼ਾ 1 ਦੀ ਬਾਕੀ

ਪਰ ਇਸ ਦੀ ਬਜਾਏ ਆਰਥਿਕ ਅੰਕੜੇ ਸੈਂਟਰਲ ਬੈਂਕ ਸਮੇਤ ਬਹੁਤੀਆਂ ਭਵਿੱਖਬਾਣੀਆਂ ਨਾਲੋਂ ਮਜ਼ਬੂਤ ਹਨ। ਪਿਛਲੀਆਂ ਗਰਮੀਆਂ ਤੋਂ ਭਾਵੇਂ ਮਹਿੰਗਾਈ ਕਾਫੀ ਘਟ ਹੈ ਪਰ ਕਈ ਵਸਤਾਂ ਤੇ ਸੇਵਾਵਾਂ ਦੀਆਂ ਕੀਮਤਾਂ ਲਗਾਤਾਰ ਤੇਜ਼ੀ ਨਾਲ ਵਧ ਰਹੀਆਂ ਹਨ। ਮਈ ਵਿਚ ਕੈਨੇਡਾ ਦੀ ਮਹਿੰਗਾਈ ਦਰ 3.4 ਫ਼ੀਸਦੀ ਸੀ ਜਿਹੜੀ ਪਿਛਲੀਆਂ ਗਰਮੀਆਂ ਵਿਚ 8.1 ਫ਼ੀਸਦੀ ਨਾਲੋਂ ਘੱਟ ਹੈ। ਇਸੇ ਦੌਰਾਨ ਪਿਛਲੇ ਸਾਲ ਨਾਲੋਂ ਗਰੌਸਰੀ ਦੀਆਂ ਕੀਮਤਾਂ 9 ਫ਼ੀਸਦੀ ਵਧੀਆਂ ਹਨ। ਸੈਂਟਰਲ ਬੈਂਕ ਨੇ ਆਪਣੀ ਮੁਦਰਾ ਨੀਤੀ ਰਿਪੋਰਟ ਜਾਰੀ ਕਰਦਿਆਂ ਤਾਜ਼ਾ ਆਰਥਿਕ ਅਨੁਮਾਨਾਂ ਵਿਚ ਕਿਹਾ ਕਿ ਕੈਨੇਡਾ ਨੂੰ ਦੋ ਫ਼ੀਸਦੀ ਦੇ ਨਿਸ਼ਾਨੇ 'ਤੇ ਆਉਣ ਲਈ ਲੰਬਾ ਸਮਾਂ ਲੱਗੇਗਾ। ਬੈਂਕ ਆਫ ਕੈਨੇਡਾ ਹੁਣ ਆਸ ਕਰਦਾ ਹੈ ਕਿ ਅਗਲੇ ਸਾਲ ਵਿਚ ਮਹਿੰਗਾਈ ਦੀ ਦਰ ਤਿੰਨ ਫ਼ੀਸਦੀ ਦੇ ਨੇੜੇ ਰਹੇਗੀ ਅਤੇ ਇਹ 2025 ਦੇ ਮੱਧ ਤਕ ਦੋ ਫ਼ੀਸਦੀ 'ਤੇ ਜਾ ਸਕਦੀ ਹੈ। ਸੈਂਟਰਲ ਬੈਂਕ ਇਸ ਸਾਲ ਕੌਮਾਂਤਰੀ ਅਤੇ ਘਰੇਲੂ ਪੱਧਰ 'ਤੇ ਮਜ਼ਬੂਤ ਆਰਥਿਕ ਵਿਕਾਸ ਦੀ ਆਸ ਵੀ ਕਰਦਾ ਹੈ। ਇਸ ਨੇ ਕੈਨੇਡਾ ਵਿਚ ਅਸਲ ਕੁਲ ਘਰੇਲੂ ਉਤਪਾਦ ਦੇ ਵਾਧੇ ਦੇ ਆਪਣੇ ਅਨੁਮਾਨ ਨੂੰ 2023 ਲਈ 1.1 ਫ਼ੀਸਦੀ ਤੋਂ ਵਧਾ ਕੇ 1.8 ਫ਼ੀਸਦੀ ਕਰ ਦਿੱਤਾ ਹੈ।

## ਬੈਂਕ ਆਫ ਕੈਨੇਡਾ ਨੇ ਮਾਰਟਗੇਜਸ 'ਤੇ ਵਿਆਜ ਦਰਾਂ ਵਧਾਈਆਂ

ਓਟਵਾ-ਕੈਨੇਡਾ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਮਕਾਨਾਂ ਦੀ ਪ੍ਰੋਹਿਬਟਿੰਗ ਲਾਗਤ ਉੱਚੀਆਂ ਵਿਆਜ ਦਰਾਂ ਵਿਚ ਯੋਗਦਾਨ ਪਾ ਰਹੀ ਹੈ। ਬੈਂਕ ਆਫ ਕੈਨੇਡਾ ਨੇ ਹਾਲ ਹੀ ਵਿਚ 2023 ਵਿਚ ਦੂਸਰੀ ਵਾਰ ਵਿਆਜ ਦਰਾਂ ਨੂੰ ਵਧਾ ਕੇ 4.75 ਫ਼ੀਸਦ ਕਰ ਦਿੱਤਾ ਹੈ। 2021 ਪਿੱਛੋਂ ਵਿਆਜ ਦਰਾਂ ਇਸ ਪੱਧਰ ਤਕ ਨਹੀਂ ਸਨ ਪਹੁੰਚੀਆਂ। ਬੀਓਸੀ ਦਾ ਕਹਿਣਾ ਕਿ ਖਰਚ ਨੂੰ ਹੌਲੀ ਕਰਨ ਲਈ ਵਿਆਜ ਦਰਾਂ ਨੂੰ ਵਧਾਉਣਾ ਪਿਆ ਹੈ ਜਿਹੜਾ ਬਹੁਤ ਸਾਰੀਆਂ ਵਸਤਾਂ ਤੇ ਸੇਵਾਵਾਂ ਲਈ ਮਹਿੰਗਾਈ ਪੈਦਾ ਕਰ ਰਿਹਾ ਹੈ ਜਿਸ ਨਾਲ ਕੈਨੇਡਾ ਵਿਚ ਜਿੰਦਗੀ ਔਖੀ ਹੋ ਰਹੀ ਹੈ। ਉੱਚੀਆਂ ਵਿਆਜ ਦਰਾਂ ਹਰ ਕਿਸੇ ਵਿਅਕਤੀ ਨੂੰ ਸਿੱਧਾ ਪ੍ਰਭਾਵਤ ਕਰਦੀਆਂ ਹਨ ਜਿਨ੍ਹਾਂ ਨੂੰ ਵਿੱਤੀ ਸੰਸਥਾਵਾਂ ਤੋਂ ਮਾਰਟਗੇਜ ਵਰਗੇ ਕਰਜ਼ੇ ਦੀ ਲੋੜ ਹੁੰਦੀ ਹੈ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਸਾਬਕਾ ਮੰਤਰੀ ਓਪੀ ਸੋਨੀ ਨੂੰ ਨਿਆਂਇਕ ਹਿਰਾਸਤ ਵਿਚ ਭੇਜਿਆ



ਅੰਮ੍ਰਿਤਸਰ-ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਰਹੇ ਸਾਬਕਾ ਉਪ ਮੁੱਖ ਮੰਤਰੀ ਓਪੀ ਸੋਨੀ ਨੂੰ ਅੱਜ ਅਦਾਲਤ ਨੇ 20 ਜੁਲਾਈ ਤੱਕ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਅੱਜ ਉਹ ਮੁੜ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿੱਚ ਪੇਸ਼ ਹੋਏ। ਸੋਨੀ ਪਿਛਲੇ ਤਿੰਨ ਦਿਨਾਂ ਤੋਂ ਇੱਕ ਨਿੱਜੀ ਹਸਪਤਾਲ ਦੇ ਆਈਸੀਯੂ ਵਾਰਡ ਵਿੱਚ ਦਾਖ਼ਲ ਹਨ। ਅਦਾਲਤ ਦੇ ਆਦੇਸ਼ 'ਤੇ ਉਸਦੀ ਮੈਡੀਕਲ ਜਾਂਚ ਵਾਸਤੇ ਬਣਾਏ ਤਿੰਨ ਮੈਂਬਰੀ ਮੈਡੀਕਲ ਬੋਰਡ ਨੇ ਆਪਣੀ ਸੀਲ ਬੰਦ ਰਿਪੋਰਟ ਅਦਾਲਤ ਨੂੰ ਸੌਂਪੀ ਦਿੱਤੀ ਹੈ। ਸੋਨੀ ਦੇ ਵਕੀਲ ਪਰਦੀਪ ਸੈਣੀ ਨੇ ਦੱਸਿਆ ਕਿ ਅਦਾਲਤ ਨੇ ਰਿਪੋਰਟ ਤੇ ਵਿਚਾਰ ਕਰਨ ਮਗਰੋਂ ਉਸ ਨੂੰ 20 ਜੁਲਾਈ ਤੱਕ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ। ਉਸ ਨੇ ਦੱਸਿਆ ਕਿ ਅਦਾਲਤ ਨੇ ਆਖਿਆ ਕਿ ਜਦੋਂ ਤੱਕ ਉਹ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ, ਉਸ ਕੋਲੋਂ ਪੁੱਛ-ਪੜਤਾਲ ਨਹੀਂ ਕੀਤੀ ਜਾ ਸਕਦੀ।

# ਇਕਸਾਰ ਸਿਵਲ ਕੋਡ ਦੇ ਮੁੱਦੇ ਤੇ ਮੁਸਲਿਮ ਪਰਸਨਲ ਲਾਅ ਬੋਰਡ ਦੇ ਵਫਦ ਵਲੋਂ ਅਕਾਲ ਤਖਤ ਦੇ ਜਥੇਦਾਰ ਨਾਲ ਮੁਲਾਕਾਤ

ਮਾਲੇਰਕੋਟਲਾ-ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਨਵੀਂ ਦਿੱਲੀ ਤੋਂ ਆਏ ਵਫ਼ਦ ਨੇ ਅੰਮ੍ਰਿਤਸਰ ਵਿਖੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ। ਵਫ਼ਦ ਵਿੱਚ ਬੋਰਡ ਦੇ ਤਰਜਮਾਨ ਕਾਸਿਮ ਰਸੂਲ ਇਲਯਾਸ ਅਤੇ ਕਾਰਜਕਾਰਨੀ ਮੈਂਬਰ ਇੰਜਨੀਅਰ ਮੁਹੰਮਦ ਸਲੀਮ, ਕਮਾਲ ਫ਼ਾਰੂਕੀ ਅਤੇ ਅਬਦੁਸ਼ ਸ਼ਕੂਰ ਮਾਲੇਰਕੋਟਲਾ ਸ਼ਾਮਲ ਸਨ। ਜਨਾਬ ਸ਼ਕੂਰ ਨੇ ਦੱਸਿਆ ਕਿ ਵਫ਼ਦ ਦੀ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਬੈਠਕ ਬਹੁਤ ਉਸਾਰੂ ਮਾਹੌਲ ਵਿੱਚ ਹੋਈ। ਬੈਠਕ ਵਿੱਚ ਕੇਂਦਰ ਸਰਕਾਰ ਵੱਲੋਂ ਤਜਵੀਜ਼ਤ ਸਾਂਝੇ ਸਿਵਲ ਕੋਡ ਦੇ ਲਾਗੂ ਹੋਣ ਮਗਰੋਂ ਧਾਰਮਿਕ ਤੇ ਹੋਰ ਘੱਟ ਗਿਣਤੀਆਂ 'ਤੇ ਪੈਣ ਵਾਲੇ ਪ੍ਰਭਾਵ 'ਤੇ ਵਿਸਥਾਰਤ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਦੇਸ਼ ਦੇ ਸਿਆਸੀ ਵਾਤਾਵਰਨ 'ਤੇ ਵੀ ਗੱਲਬਾਤ ਹੋਈ। ਜਥੇਦਾਰ ਨੇ ਯੂਸੀਸੀ ਖਰੜਾ ਸਾਹਮਣੇ ਆਉਣ ਮਗਰੋਂ ਇਸ ਦਾ ਵਿਰੋਧ ਕਰਨ ਦੇ ਸੰਕੇਤ ਦਿੱਤੇ ਹਨ ਅਤੇ ਜੇ ਲੋੜ ਪਈ ਤਾਂ ਸਾਂਝੀ ਰੋਸ ਨੀਤੀ ਵੀ ਬਣਾਈ ਜਾ ਸਕਦੀ ਹੈ।

# ਏਅਰ ਇੰਡੀਆ ਦੀ ਉਡਾਣ 'ਚ ਯਾਤਰੀ ਵੱਲੋਂ ਹੁੜਦੰਗ

ਨਵੀਂ ਦਿੱਲੀ-ਏਅਰ ਇੰਡੀਆ ਨੇ ਅੱਜ ਕਿਹਾ ਕਿ 8 ਜੁਲਾਈ ਨੂੰ ਟਰਾਂਟੋ ਤੋਂ ਦਿੱਲੀ ਜਾ ਰਹੀ ਉਡਾਣ ਵਿੱਚ ਇਕ ਪੁਰਸ਼ ਯਾਤਰੀ ਨੇ ਚਾਲਕ ਦਲ ਤੇ ਹੋਰਨਾਂ ਯਾਤਰੀਆਂ ਨਾਲ ਕੁੱਟਮਾਰ ਕੀਤੀ ਅਤੇ ਪਖਾਨੇ ਦੇ ਦਰਵਾਜ਼ੇ ਨੂੰ ਵੀ ਨੁਕਸਾਨ ਪਹੁੰਚਾਇਆ। ਕੌਮੀ ਰਾਜਧਾਨੀ ਦਿੱਲੀ ਪਹੁੰਚਣ 'ਤੇ ਇਸ ਯਾਤਰੀ ਨੂੰ ਸੁਰੱਖਿਆ ਏਜੰਸੀਆਂ ਦੇ ਹਵਾਲੇ ਕਰ ਦਿੱਤਾ ਗਿਆ। ਉਹ ਇਕ ਨੇਪਾਲੀ ਨਾਗਰਿਕ ਹੈ। ਏਅਰ ਇੰਡੀਆ ਦੇ ਇਕ ਅਧਿਕਾਰੀ ਨੇ ਜਾਰੀ ਕੀਤੇ ਬਿਆਨ ਵਿੱਚ ਕਿਹਾ, "ਟਰਾਂਟੋ ਤੋਂ ਦਿੱਲੀ ਲਈ 8 ਜੁਲਾਈ ਨੂੰ ਰਵਾਨਾ ਹੋਈ ਉਡਾਣ ਨੰਬਰ ਏਆਈ 188 ਵਿੱਚ ਇਕ ਯਾਤਰੀ ਨੇ ਪਖਾਨੇ ਵਿੱਚ ਸਿਗਰਟਨੋਸ਼ੀ ਦਾ ਯਤਨ ਕੀਤਾ ਤੇ ਪਖਾਨੇ ਦੇ ਦਰਵਾਜ਼ੇ ਨੂੰ ਵੀ ਨੁਕਸਾਨ ਪਹੁੰਚਾਇਆ ਅਤੇ ਚਾਲਕ ਦਲ ਸਣੇ ਹੋਰਨਾਂ ਯਾਤਰੀਆਂ ਨਾਲ ਕੁੱਟਮਾਰ ਕੀਤੀ। ਦਿੱਲੀ ਪਹੁੰਚਣ 'ਤੇ ਇਸ ਵਿਅਕਤੀ ਨੂੰ ਸੁਰੱਖਿਆ ਏਜੰਸੀ ਦੇ ਹਵਾਲੇ ਕਰ ਦਿੱਤਾ ਗਿਆ ਤੇ ਘਟਨਾ ਬਾਰੇ ਡਾਇਰੈਕਟਰ ਜਨਰਲ ਸਿਵਲ ਐਵੀਏਸ਼ਨ ਨੂੰ ਸੂਚਿਤ ਕੀਤਾ ਗਿਆ। ਪੁਲੀਸ ਨੇ ਕੇਸ ਦਰਜ ਕਰ ਲਿਆ ਹੈ।

# ਹਰਿਆਣਾ ਨੂੰ ਵਿਧਾਨ ਸਭਾ ਲਈ ਥਾਂ ਦੇਣ ਲਈ ਅਕਾਲੀ ਦਲ ਨੇ ਆਪ ਸਰਕਾਰ ਨੂੰ ਘੇਰਿਆ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਤੇ ਪੰਜਾਬ ਦੀ 'ਆਪ' ਸਰਕਾਰ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਸਿਆਸੀ ਲਾਹਾ ਲੈਣ ਲਈ ਰਲ ਕੇ ਚੰਡੀਗੜ੍ਹ ਵਿੱਚ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਥਾਂ ਦੇਣ ਦੀਆਂ ਸਾਜ਼ਿਸ਼ਾਂ ਘੜੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਫ਼ੈਸਲਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਕੀਤੇ ਐਲਾਨ ਦੇ ਮੁਤਾਬਕ ਹੈ, ਜਿਨ੍ਹਾਂ 9 ਜੁਲਾਈ 2022 ਨੂੰ ਜੈਪੁਰ ਵਿੱਚ ਹੋਈ ਨਾਰਥ ਜ਼ੋਨਲ ਕਾਊਂਸਲ ਦੀ ਮੀਟਿੰਗ ਦੌਰਾਨ ਯੂਟੀ ਵਿੱਚ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਵਾਸਤੇ ਥਾਂ ਦੇਣ ਦੀ ਗੱਲ ਆਖੀ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਐਲਾਨ ਦਾ ਵਿਰੋਧ ਨਹੀਂ ਕੀਤਾ, ਜਿਸ ਕਾਰਨ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਕਮਜ਼ੋਰ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਨੇ ਇਸ ਸੰਵੇਦਨਸ਼ੀਲ ਮਾਮਲੇ 'ਤੇ ਦੋਗਲਾ ਕਿਰਦਾਰ ਨਿਭਾਇਆ ਹੈ ਕਿਉਂਕਿ ਜਦੋਂ ਹਰਿਆਣਾ ਨੇ ਪਹਿਲੀ ਵਾਰ ਇਹ ਤਜਵੀਜ਼ ਤਿਆਰ ਕੀਤੀ ਸੀ ਤਾਂ ਉਸ ਵੇਲੇ ਭਗਵੰਤ ਮਾਨ ਨੇ ਇਸ ਦਾ ਵਿਰੋਧ ਕਰਨ ਦੀ ਥਾਂ ਕੇਂਦਰ ਸਰਕਾਰ ਤੋਂ ਪੰਜਾਬ ਲਈ ਵੀ ਵੱਖਰੇ ਥਾਂ ਦੀ ਮੰਗ ਕੀਤੀ ਸੀ।




# ਪੰਜਾਬੀ ਗਾਇਕ ਸੁਰਿੰਦਰ ਛਿੰਦਾ ਦੀ ਹਾਲਤ ਨਾਜ਼ੁਕ



ਲੁਧਿਆਣਾ- ਪੰਜਾਬ ਦੇ ਨਾਮਵਰ ਗਾਇਕ ਸੁਰਿੰਦਰ ਛਿੰਦਾ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਪਿਛਲੇ ਦਨੀਂ ਸ਼ਹਿਰ ਦੇ ਇੱਕ ਹਸਪਤਾਲ 'ਚੋਂ ਅਪਰੇਸ਼ਨ ਤੋਂ ਬਾਅਦ ਗਾਇਕ ਸੁਰਿੰਦਰ ਛਿੰਦਾ ਦੇ ਸਰੀਰ ਵਿੱਚ ਲਾਗ ਵੱਧ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦੀਪ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਮੰਗਲਵਾਰ ਨੂੰ ਕਿਸੇ ਨੇ ਉਨ੍ਹਾਂ ਦੀ ਮੌਤ ਦੀ ਅਫ਼ਵਾਹ ਫੈਲਾਅ ਦਿੱਤੀ। ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀ ਮੌਤ ਦੀ ਖਬਰ ਆਉਣ ਤੋਂ ਬਾਅਦ ਸੁਰਿੰਦਰ ਛਿੰਦਾ ਦੇ ਲੜਕੇ ਮਨਿੰਦਰ ਛਿੰਦਾ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਲਈ ਲੋਕ ਅਰਦਾਸਾਂ ਕਰਨ ਤਾਂ ਕਿ ਉਨ੍ਹਾਂ ਦੇ ਪਿਤਾ ਜਲਦੀ ਸਿਹਤਯਾਬ ਹੋ ਸਕਣ ਤੇ ਪੰਜਾਬੀ ਇੰਡਸਟਰੀ ਲਈ ਕੰਮ ਕਰਨ।

Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call Mandeep Randhawa today.
604-449-7500



RM TRIAL LAWYERS
MANDEEP RANDHAWA LAW CORPORATION
PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

# ਸਰਕਾਰ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਨਾਕਾਮ-ਸੁਖਬੀਰ

## 'ਲੋਕਾਂ ਕੋਲ ਨਾ ਪੀਣ ਲਈ ਪਾਣੀ, ਨਾ ਦਵਾਈਆਂ'



ਫ਼ਿਰੋਜ਼ਪੁਰ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਫ਼ਿਰੋਜ਼ਪੁਰ 'ਚ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਨ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਹੈ ਕਿ ਉਹ ਹੜ੍ਹ ਪੀੜਤਾਂ ਦੀ ਮਦਦ ਲਈ ਪੁਖਤਾ ਕਦਮ ਚੁੱਕਣ। ਉਨ੍ਹਾਂ ਆਖਿਆ ਕਿ ਸਰਕਾਰ ਲੋਕਾਂ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਵੀ ਅਸਫ਼ਲ ਰਹੀ ਹੈ। ਲੋਕ ਡਾਕਟਰੀ ਸਹਾਇਤਾ ਤੋਂ ਸੱਖਣੇ ਹਨ ਤੇ ਇਸ ਮੌਕੇ ਮੁੱਖ ਮੰਤਰੀ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਹੈ ਕਿ ਹਰੀ ਕੇ ਬੈਰਾਜ ਦੇ ਸਾਰੇ ਗੇਟ 'ਆਪ' ਦੇ ਇੱਕ ਸੰਸਦ ਮੈਂਬਰ ਦੇ ਕਹਿਣ 'ਤੇ ਖੋਲ੍ਹੇ ਗਏ ਹਨ, ਜਿਸ ਕਾਰਨ ਸਰਹੱਦੀ ਪਿੰਡਾਂ ਵਿੱਚ ਹੜ੍ਹ ਆਇਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਰੋਸ ਹੈ ਕਿ ਗਰਮੀਆਂ ਵਿੱਚ ਲੋੜ ਵੇਲੇ ਉਨ੍ਹਾਂ ਨੂੰ ਪਾਣੀ ਦੇਣ ਦੀ ਥਾਂ ਰਾਜਸਥਾਨ ਭੇਜ ਦਿੱਤਾ ਜਾਂਦਾ ਹੈ ਤੇ ਹੁਣ ਹੜ੍ਹਾਂ ਵੇਲੇ ਸਾਰਾ ਪਾਣੀ ਸਰਹੱਦੀ ਪਿੰਡਾਂ ਵਿੱਚ ਛੱਡ ਦਿੱਤਾ ਗਿਆ ਹੈ। ਸੁਖਬੀਰ ਬਾਦਲ ਨੇ ਸਰਹੱਦੀ ਪਿੰਡ ਗੱਟੀ ਰਾਜੋ ਕੀ ਵੱਲ ਨੂੰ ਜਾਂਦੀ ਸੜਕ ਦੇ ਰਾਹ ਵਿੱਚ ਬਣੇ ਪੁਲ ਤੇ ਸੜਕ ਵਿਚਾਲੇ ਪਏ ਪਾੜ ਦੀ ਮੁਰੰਮਤ ਵਾਸਤੇ ਆਪਣੇ ਅਖ਼ਤਿਆਰੀ ਫ਼ੰਡ 'ਚੋਂ ਇੱਕ ਲੱਖ ਰੁਪਏ ਦੀ ਰਕਮ ਦੇਣ ਦਾ ਐਲਾਨ ਵੀ ਕੀਤਾ। ਇਸ ਤੋਂ ਇਲਾਵਾ ਇੱਕ ਕਿਸ਼ਤੀ ਵਾਸਤੇ ਫ਼ੰਡ ਦੇਣ ਦਾ ਵੀ ਭਰੋਸਾ ਦਿੱਤਾ।

### 'ਲੋਕਾਂ ਕੋਲ ਨਾ ਪੀਣ ਲਈ ਪਾਣੀ, ਨਾ ਦਵਾਈਆਂ'

ਜ਼ੀਰਾ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮਜੀਤ ਸਿੰਘ ਮਜੀਠੀਆ ਅੱਜ ਇਥੇ ਸਿਵਲ ਕੋਰਟ ਵਿੱਚ ਪੇਸ਼ੀ ਭੁਗਤਣ ਲਈ ਪਹੁੰਚੇ। ਇਹ ਪੇਸ਼ੀ 2017 ਵਿੱਚ ਨੈਸ਼ਨਲ ਹਾਈਵੇਅ ਨੰਬਰ 54 ਜਾਮ ਕਰਨ ਸਬੰਧੀ ਥਾਣਾ ਮੱਖੂ ਵਿੱਚ ਸੁਖਬੀਰ ਬਾਦਲ ਸਮੇਤ ਕਈ ਆਗੂਆਂ ਖ਼ਿਲਾਫ਼ ਦਰਜ ਕੀਤੇ ਗਏ ਮਾਮਲੇ ਸਬੰਧੀ ਸੀ। ਮੀਡੀਆ ਨਾਲ ਗੱਲਬਾਤ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਸਰਕਾਰ ਵੱਲੋਂ ਸਾਰ ਨਹੀਂ ਲਈ ਜਾ ਰਹੀ। ਉਨ੍ਹਾਂ ਕਿਹਾ ਕਿ ਪਾਣੀ ਵਿੱਚ ਡੁੱਬੇ ਵੱਡੀ ਗਿਣਤੀ ਪਿੰਡਾਂ ਵਿੱਚ ਨਾ ਬਿਜਲੀ ਹੈ ਤੇ ਨਾ ਹੀ ਉਨ੍ਹਾਂ ਕੋਲ ਦਵਾਈਆਂ ਹਨ।

# ਟੰਡਲ ਪਾਰਕ ਦੀ ਕੁੜੀਆਂ ਦੀ ਟੀਮ ਨੇ ਫੁੱਟਬਾਲ ਕੱਪ ਜਿੱਤਿਆ

ਵਿੰਨੀਪੈੱਗ-ਯੂਨਾਈਟਿਡ ਪੰਜਾਬ ਸਪੋਰਟਸ ਕਲੱਬ ਵੱਲੋਂ ਸੱਤਵਾਂ ਖੇਡ ਮੇਲਾ ਟੰਡਲ ਪਾਰਕ ਵਨੀਪੈਗ ਵਿਖੇ ਕਰਵਾਇਆ ਗਿਆ। ਫੈਡਰੇਸ਼ਨ ਦੇ ਮੈਂਬਰਾਂ ਨਵਦੀਪ ਸਹੋਤਾ, ਕਮਲ ਸਨੇਤ, ਗੁਰਵਿੰਦਰ ਚਾਹਲ, ਸੁਖਚੈਨ ਭੰਗੂ, ਜਗਰਾਜ ਸਿੰਘ, ਅਮਰਿੰਦਰ ਖੋਸਾ, ਗੁਰਪ੍ਰੀਤ ਗਰੇਵਾਲ, ਗਗਨਦੀਪ ਬਾਜਵਾ, ਹੈਰੀ ਔਲਖ, ਵਿਕਰਮਜੀਤ ਸਿੰਘ, ਅਮਰਿੰਦਰ ਬਾਠ, ਰਾਜ ਗਿੱਲ, ਹਰਦੀਪ ਸਮਰਾ, ਅਮਨਦੀਪ ਸਿੰਘ, ਸਾਕਸ਼ੀ ਗਰੇਵਾਲ, ਰੁਪਿੰਦਰ ਘੁੰਮਣ, ਸੁੱਖ ਮਹਿਣਾ ਤੇ ਗੁਰਵਿੰਦਰ ਪੰਧੇਰ ਵੱਲੋਂ ਕਰਾਏ ਗਏ ਇਸ ਖੇਡ ਮੇਲੇ ਦਾ ਮੁੱਖ ਉਦੇਸ਼ ਵਨੀਪੈਗ ਵਿੱਚ ਜਨਮੇ ਭਾਰਤੀ ਮੂਲ ਦੇ ਬੱਚਿਆਂ ਨੂੰ ਵੱਧ ਤੋਂ ਵੱਧ ਆਪਣੇ ਵਿਰਸੇ ਅਤੇ ਖੇਡਾਂ ਪ੍ਰਤੀ ਉਤਸ਼ਾਹਿਤ ਕਰਨਾ ਸੀ। ਇਸ ਖੇਡ ਦਾ ਮੁੱਖ ਆਕਰਸ਼ਣ ਬੱਚਿਆਂ ਦੀਆਂ ਖੇਡਾਂ ਸਨ। ਤਿੰਨ ਦਨਿ ਚੱਲੇ ਇਸ ਖੇਡ ਮੇਲੇ ਦੌਰਾਨ ਹਰ ਉਮਰ ਦੇ ਬੱਚਿਆਂ ਨੇ ਵੱਖੋ ਵੱਖ ਖੇਡਾਂ 'ਚ ਹਿੱਸਾ ਲਿਆ। ਖੇਡ ਮੇਲੇ ਵਿੱਚ ਐੱਮਪੀ ਕੈਵਨਿ ਲੈਮਰੂਸ, ਮੈਨੀਟੋਬਾ ਦੇ ਖੇਡ ਮੰਤਰੀ ਓਬੀ ਖਾਨ ਨੇ ਸ਼ਿਰਕਤ ਕੀਤੀ। ਟੂਰਨਾਮੈਂਟ ਵਿੱਚ ਮੈਪਲ ਸਪੋਰਟਸ ਕਲੱਬ, ਯੂਨਾਈਟਿਡ ਪੰਜਾਬ ਸਪੋਰਟਸ ਕਲੱਬ, ਅਟੈਕ ਬਾਸਕਟਬਾਲ, ਵਨੀਪੈਗ ਸਪੋਰਟਸ ਕਲੱਬ, ਬਰੈਂਡਨ ਕਲੱਬ ਤੋਂ ਇਲਾਵਾ ਕਈ ਹੋਰ ਖੇਡ ਕਲੱਬਾਂ ਵੱਲੋਂ ਟੀਮਾਂ ਨੇ ਹਿੱਸਾ ਲਿਆ। ਸੌਕਰ ਤੋਂ ਇਲਾਵਾ, ਵਾਲੀਬਾਲ, ਬਾਸਕਟਬਾਲ, ਬੈਡਮਿੰਟਨ ਅਤੇ ਦੌੜਾਂ ਵਿੱਚ ਜ਼ੋਰ ਅਜ਼ਮਾਇਸ਼ ਹੋਈ। ਓਪਨ ਵਰਗ 'ਚ ਯੂਨਾਈਟਿਡ ਪੰਜਾਬ ਦੀ ਫੁੱਟਬਾਲ ਟੀਮ ਨੇ ਪੰਜ ਹਜ਼ਾਰ ਪੰਜ ਸੌ ਪੰਜਾਹ ਡਾਲਰ ਤੋਂ ਵੱਧ ਦੀ ਇਨਾਮ ਰਾਸ਼ੀ ਜਿੱਤੀ। ਇਸ ਖੇਡ ਮੇਲੇ ਵਿੱਚ ਪਹਿਲੀ ਬਾਰ ਦੇਖਿਆ ਗਿਆ ਕਿ ਦਰਸ਼ਕਾਂ ਨੇ ਖਿਡਾਰੀਆਂ ਦਾ ਹੌਸਲਾ ਵਧਾਉਣ ਵਾਸਤੇ ਉਨ੍ਹਾਂ ਨੂੰ ਦਿਲ ਖੋਲ੍ਹ ਕੇ ਨਕਦ ਇਨਾਮ ਰਾਸ਼ੀਆਂ ਵੀ ਦਿੱਤੀਆਂ। ਜੇਕਰ ਕਿਸੇ ਨੂੰ ਗੋਲ ਕਰਨ ਲਈ ਸੌ ਡਾਲਰ ਦਾ ਇਨਾਮ ਸੀ ਤਾਂ ਦੂਜੇ ਪਾਸੇ ਵਧੀਆ ਗੋਲ ਬਚਾਉਣ ਵਾਸਤੇ ਵੀ ਸਨਮਾਨਿਤ ਕੀਤਾ ਗਿਆ। ਫੁੱਟਬਾਲ ਵਿੱਚ ਅੰਡਰ-6, ਅੰਡਰ-8, ਅੰਡਰ 10, ਅੰਡਰ 12, ਅੰਡਰ 14 ਦੀਆਂ ਟਰਾਫੀਆਂ ਦੇ ਨਾਲ ਨਾਲ ਨਕਦ ਇਨਾਮ ਵੀ ਦਿੱਤੇ ਗਏ। ਓਪਨ ਵਰਗ 'ਚ ਯੂਨਾਈਟਿਡ ਸਪੋਰਟਸ ਕਲੱਬ ਨੇ ਬਰੈਂਡਨ ਸਪੋਰਟਸ ਕਲੱਬ ਨੂੰ ਹਰਾ ਕਿ ਟਰਾਫੀ 'ਤੇ ਕਬਜ਼ਾ ਕੀਤਾ। ਯੂਨਾਈਟਿਡ ਪੰਜਾਬ ਦੇ ਸੁੱਖੇ ਨੂੰ ਵਧੀਆ ਖਿਡਾਰੀ ਐਲਾਨਿਆ ਗਿਆ। ਇਸ ਤੋਂ ਇਲਾਵ ਰਣਵਿਜੇ ਚਾਹਲ ਤੇ ਪੁਖਰਾਜ ਬਰਾੜ ਨੂੰ ਵੀ ਉਨ੍ਹਾਂ ਦੀਆਂ ਆਪਣੀਆਂ ਕੈਟਾਗਿਰੀਆਂ ਵਿੱਚ ਵਧੀਆ ਖਿਡਾਰੀ ਐਲਾਨਿਆ ਗਿਆ। ਸ਼ੂਟਿੰਗ ਵਾਲੀਬਾਲ ਦਾ ਕੱਪ ਖਾਨ ਸਪੋਰਟਸ ਕਲੱਬ ਨੇ ਗਗਨ ਦੀ ਟੀਮ ਨੂੰ ਹਰਾ ਕੇ ਜਿੱਤਿਆ। ਵਾਲੀਬਾਲ ਸਮੈਸਿੰਗ ਵਿੱਚ ਵਨੀਪੈਗ ਰੈਪਟਰ ਨੇ ਸਾਊਥ ਸਪੋਰਟਸ ਕਲੱਬ ਨੂੰ ਹਰਾ ਕੇ ਕੱਪ ਆਪਣੇ ਨਾਂ ਕੀਤਾ। ਕੁੜੀਆਂ ਦੇ ਫੁੱਟਬਾਲ ਮੈਚ ਦੇਖਣ ਲਾਈਕ ਸਨ। ਜਿਸ ਵਿੱਚ ਟੰਡਲ ਪਾਰਕ ਦੀ ਟੀਮ ਨੇ ਯੂਨਾਈਟਿਡ ਪੰਜਾਬ ਨੂੰ ਹਰਾ ਕੇ ਕੱਪ ਜਿੱਤਿਆ। ਦੌੜਾਂ ਵਿੱਚ ਹਰ ਉਮਰ, ਵਰਗ ਪੁਰਸ਼ਾਂ ਤੇ ਮਹਿਲਾਵਾਂ ਦੀਆਂ ਦੌੜਾਂ ਦਾ ਖੇਡ ਮੇਲੇ 'ਚ ਆਏ ਹੋਏ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ। ਇਸ ਤੋਂ ਇਲਾਵਾ 100 ਮੀਟਰ ਦੀਆਂ ਅਲੱਗ ਅਲੱਗ ਵਰਗ ਦੀਆਂ ਦੌੜਾਂ ਕਰਵਾਈਆਂ ਗਈਆਂ। ਤਾਸ਼ ਦੀ ਬਾਜ਼ੀ ਵਿੱਚ ਮਨਦੀਪ ਸਿੰਘ ਤੇ ਰਾਜੂ ਨੇ ਮਹਿੰਦਰਜੀਤ ਬੇਦੀ ਤੇ ਬਲਵੀਰ ਭੁੱਲਰ ਦੀ ਟੀਮ ਨੂੰ ਹਰਾ ਕੇ ਕੱਪ ਜਿਤਿਆ। 60 ਸਾਲ ਦੀ ਉਮਰ ਤੋਂ ਉੱਪਰ ਦੇ ਬਾਬਿਆਂ ਨੇ ਰੱਸਾ ਖਿੱਚ ਕਿ ਸਭ ਨੂੰ ਹੈਰਾਨ ਕਰ ਦਿੱਤਾ। ਖੇਡ ਮੇਲੇ ਦੀ ਕਮੇਟੀ ਦੇ ਮੈਂਬਰਾਂ ਵੱਲੋਂ ਸਾਰੇ ਹੀ ਖਿਡਾਰੀਆਂ, ਦਰਸ਼ਕਾਂ ਤੇ ਸਪਾਂਸਰਾਂ ਦਾ ਧੰਨਵਾਦ ਕੀਤਾ ਗਿਆ।









# ਕੈਨੇਡਾ 'ਚ ਗੁਰਦਾਸ ਮਾਨ ਦੇ ਸ਼ੋਅ ਦਾ ਵਿਰੋਧ ਕਿਉਂ ?

## • ਸ਼ੋਅ ਰੱਦ ਨਾ ਹੋਣ ਦੀ ਸੂਰਤ ਵਿੱਚ ਵਿਰੋਧ ਪ੍ਰਦਰਸ਼ਨਾਂ ਦੀ ਚੇਤਾਵਨੀ • ਪੰਜਾਬੀ ਹਿਤੈਸ਼ੀਆਂ ਨੇ ਪ੍ਰਮੋਟਰਾਂ ਅਤੇ ਸਪੌਂਸਰਾਂ ਕੋਲ ਪ੍ਰਗਟਾਏ ਇਤਰਾਜ਼

ਵੈਨਕੂਵਰ (ਡਾ: ਗੁਰਵਿੰਦਰ ਸਿੰਘ)– ਗੁਰਦਾਸ ਮਾਨ ਦਾ ਸ਼ੋਅ ਕਰਵਾਉਣ ਵਾਲੇ ਪ੍ਰਮੋਟਰਾਂ ਵੱਲੋਂ ਬੀਤੇ ਬੁੱਧਵਾਰ ਨੂੰ ਸਰੀ ਵਿੱਚ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਮੌਕੇ 'ਤੇ ਪਹੁੰਚ ਕੇ ਸ਼ੋਅ ਦਾ ਵਿਰੋਧ ਕਰਨ ਵਾਲੀਆਂ ਸ਼ਖ਼ਸੀਅਤਾਂ ਨੇ ਪ੍ਰਮੋਟਰਾਂ ਕੋਲ ਇਤਰਾਜ਼ ਪ੍ਰਗਟਾਏ ਅਤੇ ਸ਼ੋਅ ਰੱਦ ਕਰਨ ਦੀ ਬੇਨਤੀ ਕੀਤੀ। ਉਨ੍ਹਾਂ ਇਤਰਾਜ਼ ਕਰਦਿਆਂ ਕਿਹਾ ਕਿ ਗੁਰਦਾਸ ਮਾਨ ਵੱਲੋਂ ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਸੁਲਫ਼ੇ–ਸੂਟੇ–ਸ਼ਰਾਬ ਦੀ ਮਸ਼ਹੂਰੀ ਕਰਨ ਤੋਂ ਬਾਅਦ, ਹਿੰਦੀ ਦੇ ਹੇਜ ਵਿੱਚ ਉਸ ਪੰਜਾਬੀ ਮਾਂ ਬੋਲੀ ਦਾ ਨਿਰਾਦਰ ਕੀਤਾ ਗਿਆ, ਜਿਸ ਦੇ ਸਿਰ 'ਤੇ ਉਸਨੇ ਪੈਸਾ ਅਤੇ ਸ਼ੋਹਰਤ ਕਮਾਈ। ਇੱਥੇ ਹੀ ਬੱਸ ਨਹੀਂ, ਕੈਨੇਡਾ ਦੇ ਐਬਸਫੋਰਡ ਸ਼ਹਿਰ ਵਿਚ ਇਕ ਪ੍ਰੋਗਰਾਮ ਦੌਰਾਨ ਸਟੇਜ ਤੋਂ ਅਪਸ਼ਬਦ ਬੋਲਿਆ ਗਿਆ, ਜਿਸ ਦਾ ਪੂਰੇ ਸੰਸਾਰ ਦੇ ਪੰਜਾਬੀ ਭਾਈਚਾਰੇ ਵਲੋਂ ਵਿਰੋਧ ਕੀਤਾ ਗਿਆ। ਆਕੜ ਦੇ ਨਸ਼ੇ 'ਚ ਚੂਰ ਗੁਰਦਾਸ ਮਾਨ ਨੇ ਆਪਣੀ ਕਿਸੇ ਵੀ ਗਲਤੀ ਦੀ ਮਾਫੀ ਨਾ ਮੰਗੀ, ਸਗੋਂ ਵਾਰ–ਵਾਰ ਆਪਣੀ ਜ਼ਿਦ ਪੁਗਾਈ। ਇਸੇ ਕਾਰਨ ਹੀ ਕਿਸਾਨ ਮੋਰਚਿਆਂ ਦੌਰਾਨ ਵੀ ਗੁਰਦਾਸ ਮਾਨ ਨੂੰ ਨੌਜਵਾਨਾਂ ਨੇ ਸਟੇਜ ਤੇ ਬੋਲਣ ਨਹੀਂ ਦਿੱਤਾ।

ਪੰਜਾਬੀ ਮਾਂ ਬੋਲੀ ਦੇ ਵਾਰਿਸਾਂ ਨੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਹੁਣ ਫਿਰ ਗੁਰਦਾਸ ਮਾਨ ਦਾ ਕੈਨੇਡਾ ਟੂਰ ਉਲੀਕਿਆ ਜਾ ਰਿਹਾ ਹੈ। ਪ੍ਰਮੋਟਰ ਗੁਰਜੀਤ ਬੱਲ ਇਹ ਪ੍ਰੋਗਰਾਮ ਕਰਵਾ ਰਹੇ ਹਨ, ਜਦਕਿ ਕੁਝ ਪੰਜਾਬੀ ਹੀ ਇਨ੍ਹਾਂ ਪ੍ਰੋਗਰਾਮਾਂ ਦੇ ਸਪੌਂਸਰ ਹੋਣਗੇ। ਸਰੀ ਵਿੱਚ ਹੋਈ ਇੱਕਤਰਤਾ ਮੌਕੇ ਹਾਜ਼ਿਰ ਸ਼ਖ਼ਸੀਅਤਾਂ ਵਲੋਂ ਪ੍ਰਮੋਟਰਾਂ ਤੇ ਸਪੌਂਸਰਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਕਿ ਭਾਈਚਾਰੇ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਦਿਆਂ ਗੁਰਦਾਸ ਮਾਨ ਦਾ ਕੈਨੇਡਾ ਟੂਰ ਰੱਦ ਕੀਤਾ ਜਾਵੇ। ਇਸ ਮੌਕੇ ਤੇ ਪ੍ਰਮੋਟਰ ਨਾਲ ਗੱਲਬਾਤ ਕਰਦਿਆਂ ਸਖਸ਼ੀਅਤਾਂ ਨੇ ਕਿਹਾ ਕਿ ਗੁਰਜੀਤ ਬੱਲ ਵਲੋਂ ਅਨੇਕਾਂ ਹੋਰ ਸ਼ੋਅ ਵੀ ਕਰਵਾਏ ਜਾਂਦੇ ਹਨ ਅਤੇ ਕਿਸੇ ਦਾ ਕੋਈ ਵਿਰੋਧ ਨਹੀਂ ਕਰਦਾ, ਪਰ ਹੁਣ ਉਹ ਗੁਰਦਾਸ ਮਾਨ ਦੇ ਸ਼ੋਅ, ਨਾ ਕਰਵਾਉਣ ਦੀ ਬੇਨਤੀ ਕਬੂਲ ਕਰਨ ਅਤੇ ਪੰਜਾਬੀ ਮਾਂ ਬੋਲੀ ਦੇ ਵਾਰਿਸਾਂ ਨੂੰ ਕੈਨੇਡਾ ਭਰ ਵਿਚ ਗੁਰਦਾਸ ਮਾਨ ਦੇ ਸ਼ੋਆਂ ਮੌਕੇ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਨਾ ਕਰਨ। ਇਸ ਤੋਂ ਇਲਾਵਾ ਕੈਨੇਡਾ ਦੇ ਵੱਖ–ਵੱਖ ਥਾਵਾਂ ਤੋਂ ਚਲਦੇ ਮਾਂ ਬੋਲੀ ਪੰਜਾਬੀ ਦੇ ਰੇਡੀਓ/ ਟੀ ਵੀ ਸ਼ਟੇਸ਼ਨਾਂ/ ਵੈੱਬ ਚੈੱਨਲਾਂ ਦੀਆਂ ਮੈਨੇਜਮੈਂਟ/ ਮੀਡੀਆ ਕਰਮੀਆਂ/ ਪੱਤਰਕਾਰਾਂ ਨੂੰ ਬੇਨਤੀ ਕੀਤੀ ਕਿ ਉਹ ਗੁਰਦਾਸ ਮਾਨ ਦੇ ਕੈਨੇਡਾ ਵਿੱਚ ਹੋਣ ਵਾਲੇ ਸ਼ੋਅ ਦੀ ਪ੍ਰਮੋਸ਼ਨ ਕਰਨ ਲਈ ਆਪਣੇ ਪਲੇਟਫਾਰਮ ਦੀ ਵਰਤੋਂ ਨਾ ਕਰਨ। ਜੇਕਰ ਉਹਨਾਂ ਨੂੰ ਲੱਗਦਾ ਹੈ ਕਿ ਗੁਰਦਾਸ ਮਾਨ ਸ਼ੋਅ ਦੀ ਪ੍ਰਮੋਸ਼ਨ ਨਾ ਕਰਕੇ ਉਹਨਾਂ ਦਾ ਆਰਥਿਕ ਨੁਕਸਾਨ ਹੋਵੇਗਾ, ਤਾਂ ਉਸ ਦੀ ਭਰਪਾਈ ਮਾਂ ਬੋਲੀ ਪੰਜਾਬੀ ਦੇ ਵਾਰਿਸ ਆਪਣੇ ਕੋਲੋਂ ਕਰ ਦੇਣਗੇ। ਭਾਈਚਾਰੇ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਦਿਆਂ ਉਹ ਬੇਨਤੀ ਕਬੂਲ ਕਰਨ, ਹਾਲਾਂਕਿ ਪੂਰਨ ਆਸ ਹੈ ਕਿ ਮਾਂ ਬੋਲੀ ਪੰਜਾਬੀ ਦੇ ਸਿਰ ਤੋਂ ਹੀ ਪੰਜਾਬੀ ਮੀਡੀਆ ਅਦਾਰੇ ਚਲਦੇ ਹੋਣ ਕਰਕੇ ਆਪਣਾ ਫਰਜ਼ ਪਹਿਚਾਣਦੇ ਹੋਏ ਪੰਜਾਬ ਨੂੰ ਪਿੱਠ ਨਹੀਂ ਵਿਖਾਉਂਗੇ।



ਗੁਰਦਾਸ ਮਾਨ ਉੱਪਰ ਇਤਰਾਜ਼ ਪ੍ਰਗਟਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਕਹਿਣਾ ਹੈ ਕਿ ਕੈਨੇਡਾ ਵਸਦੇ ਕਾਰੋਬਾਰੀ ਪੰਜਾਬੀਆਂ ਨੂੰ ਸੂਝ ਬੂਝ ਤੋਂ ਕੰਮ ਲੈਂਦਿਆਂ ਅਦਿੱਖ ਸ਼ਕਤੀਆਂ ਦੇ ਇਸ਼ਾਰੇ ਤੇ ਆਪਣੀ ਭਾਈਚਾਰਕ ਸਾਂਝ ਵਿੱਚ ਆਪਸੀ ਫੁੱਟ ਪਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲੇ ਅਨਸਰਾਂ ਨੂੰ ਨਾਕਾਮ ਕਰਨਾ ਚਾਹਦਾ ਹੈ। ਇਤਰਾਜ਼ ਪ੍ਰਗਟਾਇਆ ਕਿਹਾ ਗਿਆ ਕਿ ਜੇਕਰ ਕੋਈ ਇਸ ਦੀ ਉਲੰਘਣਾ ਕਰੇਗਾ, ਤਾਂ ਉਸ ਨੂੰ ਮਾਂ ਬੋਲੀ ਪੰਜਾਬੀ ਵਿਰੋਧੀ ਮੰਨਿਆ ਜਾਵੇਗਾ ਤੇ ਭਵਿੱਖ ਵਿੱਚ ਉਹਨਾਂ ਦੇ ਮੀਡੀਆ ਅਦਾਰੇ/ ਵਪਾਰਕ ਅਦਾਰੇ ਦਾ ਪੰਜਾਬੀ ਭਾਈਚਾਰੇ ਵੱਲੋਂ ਹਰਗਿਜ਼ ਸਹਿਯੋਗ ਨਹੀਂ ਕੀਤਾ ਜਾਵੇਗਾ। ਅਪੀਲ ਕੀਤੀ ਗਈ ਕਿ ਆਪਣੀ ਮਾਂ ਬੋਲੀ ਪੰਜਾਬੀ ਨੂੰ ਪਿੱਠ ਦਿਖਾ ਕੇ, ਆਪਣੀ ਮਾਸੀ ਨੂੰ ਮਾਂ ਬਣਾਉਣ ਵਾਲੇ ਗੁਰਦਾਸ ਮਾਨ ਦਾ ਬਾਈਕਾਟ ਕੀਤਾ ਜਾਵੇ। ਜਿਸ ਕਲਾਕਾਰ ਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲੋ ਮਾਸੀ ਦਾ ਜ਼ਿਆਦਾ ਹੈ ਹੇਜ ਹੋਵੇ, ਸਟੇਜ ਦੀ ਮਾਣ ਮਰਯਾਦਾ ਅਤੇ ਸਟੇਜ ਤੋਂ ਚੰਗੇ ਸ਼ਬਦਾ ਦੀ ਵਰਤੋਂ ਕਰਨ ਦੀ ਵਜਾਏ ਆਪਣੀਆਂ ਧੀਆਂ ਭੈਣਾਂ ਮਾਵਾਂ ਬਜ਼ੁਰਗਾਂ ਦੇ ਸਾਹਮਣੇ ਅਪਸ਼ਬਦ ਬੋਲ ਕੇ, ਪੰਜਾਬੀ ਮਾਂ ਬੋਲੀ ਦੇ ਵਾਰਿਸਾਂ ਨੂੰ ਘਟੀਆ ਅਤੇ ਨੀਵੇਂ ਪੱਧਰ ਦੀ ਸ਼ਬਦਾਵਲੀ ਬੋਲ ਕੇ ਹੰਕਾਰ ਦੇ ਨਸ਼ੇ ਵਿੱਚ ਅਣਖ ਨੂੰ ਵੰਗਾਰਾਨ ਦੀ ਜੁਅਰਤ ਕਰੇ, ਪੰਜਾਬ ਦੇ ਵਾਰਿਸ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ।

ਪੰਜਾਬੀ ਮਾਂ ਬੋਲੀ ਦੇ ਹਿਤੈਸ਼ੀਆਂ ਨੇ ਬੁੱਧਵਾਰ ਨੂੰ ਪ੍ਰਮੋਟਰ ਗੁਰਜੀਤ ਬੱਲ ਅਤੇ ਹੋਰਨਾਂ ਨਾਲ ਮੁਲਾਕਾਤ ਕਰਦਿਆਂ ਜੋ ਇਤਰਾਜ਼ ਉਠਾਏ ਉਹ ਇਸ ਤਰ੍ਹਾਂ ਹਨ;

1) ਗੁਰਦਾਸ ਮਾਨ ਵੱਲੋਂ ਸਟੇਜ 'ਤੇ ਧੀਆਂ, ਭੈਣਾਂ, ਮਾਵਾਂ ਬਜ਼ੁਰਗਾਂ ਦੇ ਸਾਹਮਣੇ ਅਪਸ਼ਬਦ ਬੋਲਣ ਤੋਂ ਬਾਅਦ ਵੀ ਕੋਈ ਪਛਤਾਵਾ ਜਾਂ ਕੋਈ ਮੁਆਫੀ ਨਾਂ ਮੰਗਣ ਨਾਲ ਪੰਜਾਬੀਆਂ ਦੇ ਮਨਾਂ ਵਿਚ ਭਾਰੀ ਰੋਸ ਅਤੇ ਗੁੱਸਾ ਹੈ।

(2) ਗੁਰਦਾਸ ਮਾਨ ਵਲੋਂ 'ਸਰਕਾਰ ਦੀ ਸ਼ਹਿ 'ਤੇ ਇੱਕ ਦੇਸ਼ ਇੱਕ ਬੋਲੀ' ਦਾ ਨਾਅਰਾ ਮਾਰਨਾ ਆਪਣੀ ਮਾਂ ਬੋਲੀ ਪੰਜਾਬੀ ਦਾ ਨਿਰਾਦਰ ਹੈ। ਅਜਿਹਾ 'ਸਰਕਾਰੀ ਬਿਰਤਾਂਤ' ਸਿਰਜਣ ਕਾਰਨ ਹੀ ਨੌਜਵਾਨਾਂ ਨੇ ਕਿਸਾਨ ਸੰਘਰਸ਼ ਦੌਰਾਨ ਗੁਰਦਾਸ ਮਾਨ ਨੂੰ ਸਟੇਜ ਤੇ ਬੋਲਣ ਨਹੀਂ ਦਿੱਤਾ।

3) ਗੁਰਦਾਸ ਮਾਨ ਵੱਲੋਂ ਕਿਸੇ ਡੇਰੇ 'ਤੇ ਜਾਣ ਦਾ ਕੋਈ ਇਤਰਾਜ਼ ਨਹੀਂ ਹੈ ਪਰ ਡੇਰਿਆਂ 'ਤੇ ਜਾ ਕੇ ਨਸ਼ਾ ਕਰਨ ਵਾਲਿਆਂ ਨੂੰ ਪ੍ਰਮੋਟ ਕਰਨਾ, ਪੰਜਾਬ ਦੀ ਜਵਾਨੀ ਲਈ ਖਤਰਨਾਕ ਹੈ।

(4) ਗੁਰਦਾਸ ਮਾਨ ਵਲੋਂ ਹੁੱਕਾ ਤੇ ਸਿਗਰਟਾਂ ਪੀਣ ਵਾਲੇ ਲਾਡੀ ਸ਼ਾਹ ਨੂੰ ਗੁਰੂ ਅਮਰਦਾਸ ਜੀ ਦਾ ਵੰਸ਼ਜ ਕਹਿਣਾ ਸਿੱਖਾਂ ਲਈ ਬਰਦਾਸ਼ਤ ਤੋਂ ਬਾਹਰ ਹੈ।

5) ਗੁਰਦਾਸ ਮਾਨ ਵੱਲੋਂ ਪੰਜਾਬ ਦੇ ਬੁੱਚੜ ਕੇ.ਪੀ.ਐੱਸ ਗਿੱਲ ਵਰਗਿਆਂ ਨੂੰ ਸਟੇਜ ਤੇ ਪ੍ਰਮੋਟ ਕਰਨਾ ਅਤੇ ਬੁੱਚੜ ਗਿੱਲ ਵਰਗਿਆਂ ਵੱਲੋਂ 90ਵਿਆਂ ਵਿੱਚ ਅਜਿਹੇ ਗਵੱਈਆਂ ਨੂੰ ਉਤਸ਼ਾਹਤ ਕਰਕੇ, ਪੰਜਾਬ ਦੀ ਜਵਾਨੀ ਨੂੰ ਸ਼ਰਾਬ ਤੇ ਕਬਾਬ ਵੱਲ ਤੋਰਨਾ ਇੱਕ ਚਿੰਤਾ ਦਾ ਵਿਸ਼ਾ ਹੈ, ਜਿਸ ਬਾਰੇ ਪੰਜਾਬੀ ਚਿੰਤਕ ਡਾ.ਪਿਆਰੇ ਲਾਲ ਗਰਗ ਵਰਗੀਆਂ ਸ਼ਖਸੀਅਤਾਂ ਨੇ ਅਹਿਮ ਖੁਲਾਸੇ ਕੀਤੇ ਹਨ।

ਉਪਰੋਕਤ ਇਤਰਾਜ਼ ਪ੍ਰਮੋਟਰ ਗੁਰਜੀਤ ਬੱਲ ਨਾਲ ਸਾਂਝੇ ਕਰਨ ਤੋਂ ਬਾਅਦ, ਪੰਜਾਬੀ ਮਾਂ ਬੋਲੀ ਦੇ ਵਾਰਿਸ ਨੌਜਵਾਨਾਂ ਨੇ ਆਸ ਪ੍ਰਗਟਾਈ ਕਿ ਪ੍ਰਬੰਧਕ ਅਤੇ ਪ੍ਰਮੋਟਰ ਸਹਿਬਾਨ ਸ਼ੋਅ ਰੱਦ ਕਰਨਗੇ ਅਤੇ ਅਜਿਹਾ ਨਾ ਕੀਤੇ ਜਾਣ ਦੀ ਸੂਰਤ ਵਿੱਚ ਆਉਂਦੇ ਦਿਨਾਂ ਵਿੱਚ ਪੰਜਾਬੀ ਮਾਂ ਬੋਲੀ ਦੇ ਹਿਤੈਸ਼ੀਆਂ ਵੱਲੋਂ ਵਿਰੋਧ ਪ੍ਰਦਰਸ਼ਨ ਦੇ ਸੰਬੰਧ ਵਿੱਚ ਵਿਸ਼ੇਸ਼ ਪ੍ਰੋਗਰਾਮ ਉਲੀਕੀ ਜਾਣਗੇ, ਜਿਨ੍ਹਾਂ ਲਈ ਪ੍ਰਮੋਟਰ ਜਿੰਮੇਵਾਰ ਹੋਣਗੇ।

ਪੰਜਾਬੀ ਹਿਤੈਸ਼ੀਆਂ ਦਾ ਦਾਅਵਾ ਹੈ ਕਿ ਗੁਰਦਾਸ ਮਾਨ ਦੇ ਸ਼ੋਅ ਦਾ ਵਿਰੋਧ ਮਹਿਜ਼ ਉਸਦਾ ਨਿਜੀ ਵਿਰੋਧ ਨਾ ਹੋ ਕੇ, 'ਸਰਕਾਰੀ ਬਿਰਤਾਂਤ' ਦਾ ਵਿਰੋਧ, ਪੰਜਾਬੀ ਬੋਲੀ ਦੀ ਦੁਰਗਤੀ ਅਤੇ ਬੇਹੁਰਮਤੀ ਦਾ ਵਿਰੋਧ, ਨੌਜਵਾਨ ਨੂੰ ਨਸ਼ਿਆਂ, ਤੰਬਾਕੂਆਂ ਆਦਿ ਦੀ ਦਲਦਲ ਵਿੱਚ ਧੱਕਣ ਦਾ ਵਿਰੋਧ ਪੰਜਾਬ ਦੀ ਧਰਤੀ ਤੇ ਨਸ਼ੇੜੀ ਡੇਰੇਦਾਰਾਂ ਨੂੰ ਪ੍ਰਮੋਟ ਕਰਨ ਦਾ ਵਿਰੋਧ ਹੈ। ਇਹ ਵਿਰੋਧ ਕੈਨੇਡਾ ਦੀ ਕਿਸੇ ਵਿਸ਼ੇਸ਼ ਸੰਸਥਾ ਵੱਲੋਂ ਨਾ ਹੋ ਕੇ, ਸਮੂਹ ਪੰਜਾਬੀਆਂ ਅਤੇ ਪੰਜਾਬੀ ਹਿਤੈਸ਼ੀਆਂ ਵੱਲੋਂ ਕੀਤਾ ਜਾ ਰਿਹਾ ਵਿਰੋਧ ਹੈ।




Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar By: Dupinder K Saran 6:00-7:00 AM
The Jaskaran Show 7:00-10:00 AM
Parmvir S Baath 9:00-10:00 AM
The Baljinder K Show 10:00 AM-12:00 PM
Sanjhe Vichaar By Amrit Bhatti 12:00-2:00 PM
The Lovey Pannu Show 2:00-4:00 PM
Mehak Punjab Di By Preet Goswami 4:00-5:00 PM
The Paul Brar Show 5:00-8:00 PM
Nazaria By Arashdeep Singh 8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab Official App from:
Google play
Download on the App Store
WEEKENDS
Sakatar S. Sandhu Seattle
Kamal Aujla 8am -10 am
Harsharan Dhaliwal 10-12 pm
Dr Jass Malkeet 12-2 pm sundays
Parmeet Kaur 2-4 pm
Neema Manral 4-6 pm
Angrej Singh Brar 12-2 pm Saturdays
Amarjit S. Sidhu 6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ
ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਚੇਤਨਾ ਪ੍ਰਕਾਸ਼ਨ ਅਤੇ ਗੁਲਾਟੀ ਪਬਲਿਸ਼ਰਜ਼ ਵੱਲੋਂ ਡਿਕਸੀ ਰੋਡ ਮਿਸੀਸਾਗਾ ਵਿਖੇ ਲਾਇਆ ਪੁਸਤਕ ਮੇਲਾ

## 8 ਹਜ਼ਾਰ ਤੋਂ ਜ਼ਿਆਦਾ ਵੱਖੋ-ਵੱਖਰੀ ਵੰਨਗੀ ਦੀਆਂ ਪੁਸਤਕਾਂ ਹੋਈਆਂ ਪਾਠਕਾਂ ਦੇ ਰੂਬਰੂ











ਸਰੀ, 12 ਜੁਲਾਈ (ਹਰਦਮ ਮਾਨ)-ਚੇਤਨਾ ਪ੍ਰਕਾਸ਼ਨ ਲੁਧਿਆਣਾ ਅਤੇ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵੱਲੋਂ ਪੰਜਾਬੀ ਸਾਹਿਤ ਅਤੇ ਪੁਸਤਕਾਂ ਦਾ ਪ੍ਰਚਾਰ ਪਾਸਾਰ ਹਿਤ ਡਿਕਸੀ ਰੋਡ ਮਿਸੀਸਾਗਾ ਵਿਖੇ ਪੁਸਤਕ ਮੇਲਾ ਲਾਇਆ ਗਿਆ ਹੈ। ਇਸ ਮੇਲੇ ਦਾ ਉਦਘਾਟਨ ਯੂਨਾਈਟਿਡ ਗਰੁੱਪ ਦੇ ਮਾਲਕ ਦੇਵ ਮਾਂਗਟ ਨੇ ਕੀਤਾ ਅਤੇ ਬਹੁਤ ਸਾਰੇ ਪਾਠਕਾਂ ਨੇ ਪਹਿਲੇ ਦਿਨ ਹੀ ਕਿਤਾਬਾਂ ਖਰੀਦ ਕੇ ਅਤੇ ਹੋਰ ਕਿਤਾਬਾਂ ਦੇ ਅਡਵਾਂਸ ਆਰਡਰ ਲਿਖਵਾ ਕੇ ਪੁਸਤਕਾਂ ਨੂੰ ਜੀ ਆਇਆਂ ਕਿਹਾ। ਯੂਨਾਈਟਿਡ ਗਰੁੱਪ ਦੇ ਓਨਰ ਦੇਵ ਮਾਂਗਟ ਨੇ ਆਪਣੇ ਉਦਘਾਟਨੀ ਸੰਬੋਧਨ ਵਿਚ ਕਿਹਾ ਕਿ ਟਰਾਂਟੋ ਅਤੇ ਗਰੇਟਰ ਏਰੀਆ ਲਈ ਇਹ ਸ਼ੁਭ ਸ਼ਗਨ ਹੈ ਕਿ ਕਿਤਾਬਾਂ ਸਾਡੇ ਘਰ ਚੱਲ ਕੇ ਆਈਆਂ ਹਨ ਤੇ ਸਾਡਾ ਸਭਨਾਂ ਦਾ ਫਰਜ਼ ਹੈ ਘਰ-ਘਰ ਲਾਇਬਰੇਰੀ ਬਣਾਉਣ ਦਾ ਅਹਿਦ ਕਰੀਏ। ਟੋਨੀ ਸੰਧੂ ਅਤੇ ਨੌਜਵਾਨ ਹੈਰੀ ਸੰਧੂ ਨੇ ਵੀ ਕਿਤਾਬਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਮੋਹਨ ਸਿੰਘ ਨੇ ਕਿਤਾਬਾਂ ਦੀ ਦੁਨੀਆਂ ਦੀ ਗੱਲ ਕਈ ਮਿਸਾਲਾਂ ਦੇ ਕੇ ਕੀਤੀ। ਇਕਬਾਲ ਮਾਹਲ ਨੇ ਵੀ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਗੁਰਦਿਆਲ ਬੱਲ ਨੇ ਆਪਣੇ ਦੋਸਤਾਂ ਨੂੰ ਕਿਤਾਬਾਂ ਦੇ ਮੇਲੇ ਵਿੱਚ ਵਧ-ਚੜ੍ਹ ਕੇ ਹਿੱਸਾ ਪਾਉਣ ਲਈ ਕਿਹਾ। ਪੰਕਜ ਸ਼ਰਮਾ, ਮੋਨਿਕਾ, ਕਿਰਨ ਲਗਾਤਾਰ ਕਿਤਾਬਾਂ ਨਾਲ ਦੋਸਤੀ ਪਾਉਂਦੇ ਦੇਖੇ ਗਏ। ਮਨਜੀਤ ਮਾਹਲ ਨੇ ਉਦਘਾਟਨ ਦੇ ਸਾਰੇ ਇੰਤਜ਼ਾਮ ਕੀਤੇ। ਜ਼ਿਕਰਯੋਗ ਹੈ ਕਿ ਇਸ ਪੁਸਤਕ ਮੇਲੇ ਵਿਚ ਅੱਠ ਹਜ਼ਾਰ ਤੋਂ ਵੱਧ ਟਾਈਟਲ ਪ੍ਰਦਰਸ਼ਤ ਕੀਤੇ ਗਏ ਹਨ। ਚੇਤਨਾ ਪ੍ਰਕਾਸ਼ਨ ਲੁਧਿਆਣਾ ਅਤੇ ਗੁਲਾਟੀ ਪਬਲਿਸ਼ਰ ਲਿਮਟਿਡ ਸਰੀ ਦੇ ਮਾਲਕ ਸਤੀਸ਼ ਗੁਲਾਟੀ ਨੇ ਕਿਹਾ ਇਸ ਵਾਰ ਦਾ ਪੁਸਤਕ ਮੇਲਾ ਅਹਿਮ ਹੈ, ਕਿਉਂਕਿ 8 ਹਜ਼ਾਰ ਤੋਂ ਜ਼ਿਆਦਾ ਵੱਖੋ ਵੱਖਰੀ ਵੰਨਗੀ ਦੀਆਂ ਪੁਸਤਕਾਂ ਮੇਲੇ ਵਿੱਚ ਮੌਜੂਦ ਹਨ ਜਿਨ੍ਹਾਂ ਵਿਚ ਨਾਟਕਕਾਰ ਗੁਰਸ਼ਰਨ ਭਾਜੀ, ਕੇਵਲ ਧਾਲੀਵਾਲ, ਪਾਲੀ ਭੁਪਿੰਦਰ ਸਿੰਘ, ਡਾਕਟਰ ਸਵਰਾਜਬੀਰ, ਡਾ ਨਿਰਮਲ ਨਿਰਮਲ ਜੌੜਾ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ ਪਦਮ ਸ਼੍ਰੀ, ਬਲਵੰਤ ਗਾਰਗੀ, ਮੋਹਨ ਕਾਹਲੋਂ, ਬਲਦੇਵ ਸਿੰਘ, ਕੇ ਐਲ ਗਰਗ, ਕਹਾਣੀਕਾਰ ਸੁਖਜੀਤ, ਗੁਰਬਚਨ ਸਿੰਘ ਭੁੱਲਰ, ਕਿਰਪਾਲ ਕਜਾਕ, ਡਾ ਮਨਮੋਹਨ, ਸੁਖਵੰਤ ਕੌਰ ਮਾਨ, ਪਰਮਿੰਦਰ ਸੋਢੀ ਅਤੇ ਕਨੇਡੀਅਨ ਲੇਖਕ ਨਦੀਮ ਪਰਮਾਰ, ਜਰਨੈਲ ਸਿੰਘ ਸੇਖਾ, ਡਾ ਸਾਧੂ ਸਿੰਘ, ਇੰਦਰਜੀਤ ਕੌਰ ਸਿੱਧੂ, ਮੋਹਨ ਗਿੱਲ, ਇਕਬਾਲ ਮਾਹਲ, ਗੁਰਚਰਨ ਕੌਰ ਥਿੰਦ ਅਤੇ ਨਵੇਂ ਲੇਖਕਾਂ ਦੇ ਸੈਂਕੜੇ ਟਾਈਟਲ ਅਤੇ ਇਤਿਹਾਸ, ਸਿੱਖ ਇਤਿਹਾਸ ਸਭਿਆਚਾਰ, ਮਨੋਵਿਗਿਆਨ, ਖੇਡ ਸਾਹਿਤ ਤੋਂ ਇਲਾਵਾ ਬੱਚਿਆਂ ਦੀਆਂ ਸੈਂਕੜੇ ਪੁਸਤਕਾਂ ਮੇਲੇ ਦਾ ਸ਼ਿੰਗਾਰ ਬਣੀਆਂ ਹਨ। ਇਹ ਪੁਸਤਕ ਮੇਲਾ 10 ਜੁਲਾਈ ਤੋਂ ਸ਼ੁਰੂ ਹੋ ਕੇ ਇੱਕ ਮਹੀਨਾ ਚੱਲਦਾ ਰਹੇਗਾ। ਪੁਸਤਕ ਮੇਲੇ ਵਿੱਚ ਹਰ ਹਫ਼ਤੇ ਕਿਸੇ ਨਾ ਕਿਸੇ ਕਿਤਾਬ ਤੇ ਗੋਸ਼ਟੀ ਵੀ ਹੋਵੇਗੀ, ਸੰਵਾਦ ਵੀ ਛਿੜੇਗਾ, ਮੌਜੂਦਾ ਸਮੇਂ ਰਚੇ ਅਤੇ ਪੜ੍ਹੇ ਜਾ ਰਹੇ ਸਾਹਿਤ ਬਾਰੇ ਗੱਲਬਾਤ ਵੀ ਹੋਵੇਗੀ। ਵਿਚਾਰ ਚਰਚਾ ਵਿੱਚ ਕੋਈ ਵੀ ਪਾਠਕ ਹਿੱਸਾ ਲੈ ਸਕੇਗਾ। ਇਹ ਪੁਸਤਕ ਮੇਲਾ 6435 ਕੋਰਟਨੀ ਪਾਰਕ ਸੈਂਟਰ ਡਿਕਸੀ ਰੋਡ ਦੇ ਯੂਨਿਟ 30 ਵਿਚ ਲੱਗਿਆ ਹੋਇਆ ਹੈ। ਹੋਰ ਜਾਣਕਾਰੀ ਲਈ ਸਤੀਸ਼ ਗੁਲਾਟੀ ਨਾਲ ਫੋਨ ਨੰਬਰ 604 750 0189 'ਤੇ ਸੰਪਰਕ ਕੀਤਾ ਜਾ ਸਕਦਾ ਹੈ।

SUNNYSANGHA • PERSONALREALESTATECORPORATION

14317 31A AVENUE, SURREY





Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

#92 15111 EDMUND DRIVE




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

UNIT 2808 13615 FRASER HWY




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

LOT B 20444 46A AVENUE, LANGLEY




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

LOT A 33734 MAYFAIR AVENUE, SURREY

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਧਰਮ ਪਰਿਵਰਤਨ ਲਈ ਈਸਾਈਆਂ ਨੂੰ ਦੋਸ਼ ਦੇਣ ਦੀ ਬਜਾਏ ਹਿੰਦੂ ਆਤਮ ਵਿਸ਼ਲੇਸ਼ਣ ਕਰਨ-ਠਾਕੁਰ ਦਲੀਪ ਸਿੰਘ

ਸਰੀ (ਹਰਦਮ ਮਾਨ)-ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਹਿੰਦੂਆਂ ਦੇ ਨਾਮ ਇਕ ਸੰਦੇਸ਼ ਜਾਰੀ ਰਾਹੀਂ ਕਿਹਾ ਹੈ ਕਿ ਸਭ ਤੋਂ ਪ੍ਰਾਚੀਨ ਧਰਮ ਹੋਣ ਦੇ ਬਾਵਜੂਦ ਹਿੰਦੂ ਧਰਮ ਆਪਣੀ ਜਨਮ ਭੂਮੀ ਭਾਰਤ ਵਿੱਚੋਂ ਹੀ ਖਤਮ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਹੈ ਕਿ ਹਿੰਦੂ ਧਰਮ ਦੀ ਅਜਿਹੀ ਹਾਲਤ ਦਾ ਕਾਰਨ ਕੇਵਲ ਹਿੰਦੂ ਆਗੂਆਂ ਦੀ ਸੰਕੀਰਣ ਅਤੇ ਨਕਾਰਾਤਮਿਕ ਸੋਚ ਹੈ, ਜਿਨ੍ਹਾਂ ਨੇ ਕਦੇ ਵੀ ਆਪਣੇ ਧਰਮ ਨੂੰ ਪ੍ਰਫੁੱਲਿਤ ਕਰਨ ਬਾਰੇ ਸੋਚਿਆ ਹੀ ਨਹੀਂ। ਜੇ ਕੋਈ ਵਿਦੇਸ਼ੀ ਧਰਮ ਵਾਲੇ ਹਿੰਦੂ ਧਰਮ ਵਿੱਚ ਸ਼ਾਮਲ ਹੋਣਾ ਵੀ ਚਾਹੁੰਦੇ ਸਨ ਤਾਂ ਹਿੰਦੂ ਧਰਮ-ਅਚਾਰੀਆ ਨੇ ਉਨ੍ਹਾਂ ਨੂੰ ਆਪਣੇ ਧਰਮ ਵਿੱਚ ਸ਼ਾਮਲ ਕਰਨ ਤੋਂ ਮਨ੍ਹਾ ਕਰ ਦਿੱਤਾ। ਇਤਿਹਾਸ ਦਾ ਹਵਾਲਾ ਦਿੰਦਿਆਂ ਠਾਕੁਰ ਦਲੀਪ ਸਿੰਘ ਨੇ ਕਿਹਾ ਕਿ 1320 ਈ. ਵਿੱਚ ਲੱਦਾਖ ਦੇ ਰਾਜਾ ਰਿੰਚਿਨ ਨੂੰ ਹਿੰਦੂ ਧਰਮ-ਅਚਾਰੀਆ ਦੇਵ ਸਵਾਮੀ ਨੇ ਦਿਕਸ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਨੂੰ ਪੀਰ ਬੁਲਬੁਲ ਸ਼ਾਹ ਨੇ ਮੁਸਲਮਾਨ ਬਣਾ ਲਿਆ। ਬਾਦਸ਼ਾਹ ਰਿੰਚਿਨ ਨੇ ਇਸਲਾਮ ਕਬੂਲਦਿਆਂ ਹੀ ਪੂਰੇ ਕਸ਼ਮੀਰ ਨੂੰ ਮੁਸਲਮਾਨ ਬਣਾ ਦਿੱਤਾ। ਕੁਝ ਸਮੇਂ ਬਾਅਦ ਕਸ਼ਮੀਰ ਦੇ ਮੁਸਲਮਾਨਾਂ ਨੇ ਮਹਾਰਾਜਾ ਗੁਲਾਬ ਸਿੰਘ ਦੀ ਸ਼ਰਨ ਵਿੱਚ ਜਾ ਕੇ ਮੁੜ ਹਿੰਦੂ ਬਣਨ ਦੀ ਅਪੀਲ ਕੀਤੀ ਤਾਂ ਉਸ ਸਮੇਂ ਦੇ ਹਿੰਦੂ ਧਰਮ- ਅਚਾਰੀਆ ਨੇ ਮੁਸਲਮਾਨ ਬਣ ਚੁੱਕੇ ਹਿੰਦੂਆਂ ਨੂੰ ਵਾਪਸ ਹਿੰਦੂ ਬਣਾਉਣ ਤੋਂ ਇਨਕਾਰ ਕਰ ਦਿੱਤਾ। ਅਜਿਹੀ ਸੰਕੀਰਣ ਅਤੇ ਨਕਾਰਾਤਮਕ ਸੋਚ ਦੇ ਕਾਰਨ ਹੀ ਹਿੰਦੂ ਧਰਮ ਵਧਣ ਦੀ ਬਜਾਏ ਸੁੰਗੜ ਗਿਆ ਹੈ। ਹਿੰਦੂ ਭਾਈਚਾਰੇ ਨੂੰ ਆਤਮ-ਵਿਸ਼ਲੇਸ਼ਣ ਕਰਨ ਲਈ ਆਖਦਿਆਂ ਨਾਮਧਾਰੀ ਮੁਖੀ ਨੇ ਕਿਹਾ ਕਿ ਭਾਰਤ ਵਿੱਚ ਧਰਮ ਪਰਿਵਰਤਨ ਕਰਕੇ ਆਪਣਾ ਧਰਮ ਫੈਲਾਉਣ ਵਿੱਚ ਈਸਾਈਆਂ ਦਾ ਕੋਈ ਦੋਸ਼ ਨਹੀਂ; ਦੋਸ਼ ਹਿੰਦੂਆਂ ਦਾ ਹੈ। ਅੱਜ ਈਸਾਈਆਂ ਦੇ 108 ਦੇਸ਼ ਹਨ ਅਤੇ ਹਿੰਦੂਆਂ ਦਾ ਤਾਂ ਭਾਰਤ ਵੀ ਹੁਣ ਆਪਣਾ ਨਹੀਂ ਰਿਹਾ। ਹਿੰਦੂ ਅਚਾਰੀਆ ਕਹਿ ਰਹੇ ਹਨ ਕਿ ਈਸਾਈ ਛਲ-ਕਪਟ, ਲਾਲਚ, ਪਾਖੰਡ ਅਤੇ ਹਿੰਸਾ ਦੁਆਰਾ ਧਰਮ ਪਰਿਵਰਤਨ ਕਰ ਰਹੇ ਹਨ ਪਰ ਧਰਮ ਪ੍ਰਫੁੱਲਿਤ ਕਰਨ ਦੇ ਤਾਂ ਏਹੀ ਢੰਗ ਹਨ ਜੋ ਈਸਾਈ ਆਪਣਾ ਧਰਮ ਪ੍ਰਫੁੱਲਿਤ ਕਰਨ ਲਈ ਵਰਤ ਰਹੇ ਹਨ। ਇਹਨਾਂ ਢੰਗਾਂ ਨਾਲ ਹੀ ਮਾਨਵ ਜਾਤੀ ਨੇ ਤਰੱਕੀ ਕੀਤੀ ਹੈ ਅਤੇ ਪ੍ਰਿਥਵੀ ਉੱਤੇ ਰਾਜ ਕਰ ਰਹੀ ਹੈ। ਠਾਕੁਰ ਦਲੀਪ ਸਿੰਘ ਨੇ ਕਿਹਾ ਕਿ ਹਿੰਦੂਆਂ ਨੂੰ ਇਹ ਵਿਚਾਰਨਾ ਚਾਹੀਦਾ ਹੈ ਕਿ ਹਿੰਸਾ, ਛਲ ਕਪਟ, ਲਾਲਚ ਆਦਿ ਤੋਂ ਬਿਨਾਂ ਤਰੱਕੀ ਕਿਵੇਂ ਹੋ ਸਕਦੀ ਹੈ? ਜੇ ਹੋ ਸਕਦੀ ਹੁੰਦੀ ਤਾਂ ਹਿੰਦੂਆਂ ਨੇ ਤਰੱਕੀ ਕਿਉਂ ਨਹੀਂ ਕੀਤੀ? ਹਿੰਦੂ ਧਰਮ ਸਰਬ-ਪ੍ਰਾਚੀਨ ਹੋਣ ਦੇ ਬਾਵਜੂਦ ਆਪਣੀ ਨੈਤਿਕਤਾ ਅਤੇ ਸੰਕੀਰਣ ਸੋਚ ਕਾਰਨ ਸੁੰਗੜਦਾ ਜਾ ਰਿਹਾ ਹੈ ਅਤੇ ਈਸਾਈ ਨੈਤਿਕਤਾ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੀ ਅਗਾਂਹਵਧੂ ਸੋਚ ਕਾਰਨ ਸਾਰੇ ਸੰਸਾਰ ਵਿੱਚ ਛਾ ਗਏ ਹਨ। ਪਰ ਹਿੰਦੂਆਂ ਨੇ ਈਸਾਈ ਦੇਸ਼ਾਂ ਵਿੱਚ ਜਾ ਕੇ ਆਪਣਾ ਧਰਮ ਕਿਉਂ ਨਹੀਂ ਫੈਲਾਇਆ? ਈਸਾਈਆਂ ਦਾ ਧਰਮ ਪਰਿਵਰਤਨ ਕਿਉਂ ਨਹੀਂ ਕਰ ਲਿਆ? ਉਨ੍ਹਾਂ ਅੱਗੇ ਕਿਹਾ ਕਿ ਬੁੱਧ ਧਰਮ ਅੱਜ 10 ਦੇਸ਼ਾਂ ਵਿੱਚ ਫੈਲਿਆ ਹੋਇਆ ਹੈ ਕਿਉਂਕਿ ਉਹਨਾਂ ਦੀ ਸੋਚ ਆਪਣੇ ਧਰਮ ਨੂੰ ਪ੍ਰਫੁੱਲਿਤ ਕਰਨਾ ਸੀ। ਪਰੰਤੂ ਹਿੰਦੂਆਂ ਦੀ ਤਾਂ ਸੋਚ ਹੀ ਘਟਣ ਵਾਲੀ ਹੈ। ਹੈਰਾਨੀ ਦੀ ਗੱਲ ਹੈ ਕਿ ਹਿੰਦੂ ਈਸਾਈਆਂ 'ਤੇ ਦੋਸ਼ ਲਗਾ ਰਹੇ ਹਨ! ਕਿਉਂ? ਜੇਕਰ ਬੁੱਧ ਧਰਮ 10 ਦੇਸ਼ਾਂ ਵਿੱਚ ਫੈਲ ਸਕਦਾ ਸੀ ਤਾਂ ਹਿੰਦੂ ਧਰਮ ਕਿਉਂ ਨਹੀਂ ਫੈਲ ਸਕਦਾ ਸੀ? ਭਾਰਤ ਵਿੱਚ ਹੋ ਰਹੇ ਧਰਮ ਪਰਿਵਰਤਨ ਲਈ ਈਸਾਈਆਂ ਦਾ ਦੋਸ਼ ਨਹੀਂ, ਹਿੰਦੂਆਂ ਦਾ ਹੈ। ਜੇ ਹਿੰਦੂ ਆਪਣੇ ਧਰਮ ਨੂੰ ਪ੍ਰਫੁੱਲਿਤ ਕਰਨਾ ਚਾਹੁੰਦੇ ਹਨ ਤਾਂ ਈਸਾਈਆਂ ਵਾਂਗ ਜਾਂ ਈਸਾਈਆਂ ਨਾਲੋਂ ਵੀ ਵਧੀਆ ਕੰਮ ਕਰਨ ਦੀ ਲੋੜ ਹੈ। ਜਿਵੇਂ ਭਗਵਾਨ ਸ਼੍ਰੀ ਕ੍ਰਿਸ਼ਨ ਚੰਦਰ ਨੇ ਮਹਾਂਭਾਰਤ ਵਿੱਚ ਛਲ, ਹਿੰਸਾ ਆਦਿ ਕਰ ਕੇ ਆਪਣੇ ਲਕਸ਼ ਨੂੰ ਪ੍ਰਾਪਤ ਕੀਤਾ ਸੀ। ਉਸੇ ਕ੍ਰਿਸ਼ਨ ਜੀ ਦੇ ਉਪਾਸ਼ਕ ਹੁੰਦੇ ਹੋਏ ਹਿੰਦੂ ਵੀ ਆਪਣੇ ਧਰਮ ਪ੍ਰਫੁੱਲਿਤ ਕਰਨ ਦੇ ਲਕਸ਼ ਨੂੰ ਮਹਾਨ ਮੰਨ ਕੇ ਲੋੜ ਅਨੁਸਾਰ ਨੈਤਿਕ-ਅਨੈਤਿਕ ਹਰ ਤਰ੍ਹਾਂ ਦੇ ਕੰਮ ਕਰਨ। ਨਾਮਧਾਰੀ ਮੁਖੀ ਨੇ ਕਿਹਾ ਕਿ ਹੁਣ ਤੱਕ ਹਿੰਦੂਆਂ ਦਾ ਲਕਸ਼, ਨੈਤਿਕਤਾ ਦੇ ਨਿਯਮਾਂ ਨੂੰ ਦ੍ਰਿੜ ਕਰਨਾ ਹੀ ਰਿਹਾ ਹੈ; ਆਪਣੇ ਹਿੰਦੂ ਧਰਮ ਨੂੰ ਜਿਉਂਦਾ ਰੱਖਣ ਅਤੇ ਪ੍ਰਫੁੱਲਿਤ ਕਰਨ ਨੂੰ ਤਾਂ ਇਨ੍ਹਾਂ ਆਪਣਾ ਲਕਸ਼ ਬਣਾਇਆ ਹੀ ਨਹੀਂ। ਹਿੰਦੂਆਂ ਨੂੰ ਇਹ ਨਿਸ਼ਚਾ ਕਰ ਲੈਣਾ ਚਾਹੀਦਾ ਹੈ ਕਿ ਲਕਸ਼-ਪ੍ਰਾਪਤੀ ਮਹਾਨ ਹੈ ਅਤੇ ਲਕਸ਼-ਪ੍ਰਾਪਤੀ ਲਈ ਹਰ ਨੈਤਿਕ-ਅਨੈਤਿਕ ਕੰਮ ਕਰਨਾ ਯੋਗ ਹੈ। ਉਨ੍ਹਾਂ ਹਿੰਦੂਆਂ ਨੂੰ ਅਪੀਲ ਕੀਤੀ ਹੈ ਕਿ ਵਿਚਾਰਵਾਨ ਬਣੋ ਅਤੇ ਈਸਾਈਆਂ ਦੀ ਗਲਤੀ ਕੱਢਣੀ ਬੰਦ ਕਰੋ। ਆਪਣੀ ਸੰਕੀਰਣ ਸੋਚ ਨੂੰ ਵਿਸ਼ਾਲਤਾ ਵਿੱਚ ਬਦਲ ਕੇ ਹਿੰਦੂ ਧਰਮ ਨੂੰ ਪ੍ਰਫੁੱਲਿਤ ਕਰਨ ਦਾ ਕਾਰਜ ਕਰੋ, ਨਾਮਧਾਰੀ ਸਿੱਖ ਹਿੰਦੂਆਂ ਦੇ ਨਾਲ ਹਨ।



## ਜਬਰ-ਜਨਾਹ ਮਗਰੋਂ ਨਾਬਾਲਗ ਬੱਚੀ ਦੀ ਹੱਤਿਆ ਕਰਨ ਵਾਲਾ ਦਰਿੰਦਾ ਗ੍ਰਿਫ਼ਤਾਰ



ਪਟਿਆਲਾ-ਪਾਤੜਾਂ ਸ਼ਹਿਰ ਵਿੱਚ ਅੱਠਵੀਂ ਜਮਾਤ 'ਚ ਪੜ੍ਹਦੀ ਨਾਬਾਲਗ ਬੱਚੀ ਨਾਲ ਜਬਰ-ਜਨਾਹ ਕਰਨ ਮਗਰੋਂ ਉਸ ਦੀ ਬੇਰਹਿਮੀ ਨਾਲ ਹੱਤਿਆ ਕਰਨ ਵਾਲੇ ਲੜਕੇ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਦੀ ਪਛਾਣ ਸਾਢੇ ਅਠਾਰਾਂ ਸਾਲਾ ਗੁਰਪ੍ਰੀਤ ਸਿੰਘ ਕਾਕਾ ਵਾਸੀ ਵਾਲਮੀਕ ਧਰਮਸ਼ਾਲਾ ਪਾਤੜਾਂ ਵਜੋਂ ਹੋਈ ਹੈ। ਇਹ ਜਾਣਕਾਰੀ ਅੱਜ ਇਥੇ ਪੁਲੀਸ ਲਾਈਨ ਪਟਿਆਲਾ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਐੱਸਐੱਸਪੀ ਵਰੁਣ ਸ਼ਰਮਾ ਨੇ ਦਿੱਤੀ ਹੈ। ਉਨ੍ਹਾਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜਿਸ ਸਕੂਲ ਵਿਚ ਇਹ ਬੱਚੀ ਪੜ੍ਹਦੀ ਸੀ, ਉਸੇ ਸਕੂਲ 'ਚੋਂ ਉਕਤ ਮੁਲਜ਼ਮ ਨੇ ਦਸਵੀਂ ਪਾਸ ਕੀਤੀ ਹੈ। ਹੁਣ ਉਹ ਆਈਟੀਆਈ ਪਾਤੜਾਂ ਵਿੱਚ ਪੜ੍ਹ ਰਿਹਾ ਸੀ। ਪੁਲੀਸ ਮੁਤਾਬਕ ਇਹ ਨੌਜਵਾਨ ਲੜਕੀ 'ਤੇ ਮਾੜੀ ਨਿਗਾਹ ਰੱਖਦਾ ਸੀ। ਉਨ੍ਹਾਂ ਦੱਸਿਆ ਕਿ 12 ਜੁਲਾਈ ਸ਼ਾਮੀ ਸੱਤ ਕੁ ਵਜੇ ਜਦੋਂ ਇਹ ਬੱਚੀ ਘਰੋਂ ਦੁੱਧ ਲੈਣ ਗਈ ਤਾਂ ਉਹ ਉਸ ਨੂੰ ਜਬਰਦਸਤੀ ਪਾਤੜਾਂ ਵਿਚਲੇ ਐਲੀਮੈਂਟਰੀ ਸਕੂਲ ਵਿੱਚ ਲੈ ਗਿਆ। ਉਥੇ ਉਸ ਨਾਲ ਜਬਰ-ਜਨਾਹ ਕਰਨ ਤੋਂ ਬਾਅਦ ਮੁਲਜ਼ਮ ਨੇ ਲੜਕੀ ਦੀ ਹੱਤਿਆ ਕਰ ਦਿੱਤੀ। ਕਤਲ ਲਈ ਵਰਤੇ ਗਏ ਤਰੀਕੇ ਦੀ ਅਸਲੀਅਤ ਤਾਂ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਸਪੱਸ਼ਟ ਹੋਵੇਗੀ ਪਰ ਮੁੱਢਲੀ ਜਾਂਚ 'ਚ ਦੇਖਿਆ ਗਿਆ ਹੈ ਕਿ ਮੁਲਜ਼ਮ ਵੱਲੋਂ ਲੜਕੀ ਦਾ ਗਲਾ ਘੋਟਿਆ ਗਿਆ ਤੇ ਉਸ ਦੇ ਚਿਹਰੇ, ਮੱਥੇ ਅਤੇ ਸਿਰ ਵਿਚ ਇੱਟਾਂ ਦੇ ਕਈ ਵਾਰ ਕੀਤੇ ਗਏ ਹਨ। ਵਾਰਦਾਤ ਕਰਨ ਤੋਂ ਬਾਅਦ ਮੁਲਜ਼ਮ ਫਰਾਰ ਸੀ, ਜਿਸ ਨੂੰ ਅੱਜ ਸੀਆਈਏ ਪਟਿਆਲਾ ਦੇ ਇਂਚਾਰਜ ਸ਼ਮਿੰਦਰ ਸਿੰਘ, ਥਾਣਾ ਪਾਤੜਾਂ ਦੇ ਮੁਖੀ ਇੰਸਪੈਕਟਰ ਹਰਮਨਪ੍ਰੀਤ ਚੀਮਾ ਤੇ ਹੋਰ ਮੁਲਾਜ਼ਮਾਂ ਨੇ ਕਾਬੂ ਕੀਤਾ ਹੈ। ਐੱਸਪੀ ਅਪਰੇਸ਼ਨ ਸੌਰਵ ਜਿੰਦਲ ਨੇ ਦੱਸਿਆ ਕਿ ਮੁਲਜ਼ਮ ਦਾ ਪੁਲੀਸ ਰਿਮਾਂਡ ਲਿਆ ਜਾ ਰਿਹਾ ਹੈ। ਪ੍ਰੈੱਸ ਕਾਨਫਰੰਸ ਦੌਰਾਨ ਐੱਸਪੀ ਇਨਵੈਸ਼ਟੀਗੇਸ਼ਨ ਹਰਬੀਰ ਸਿੰਘ ਅਟਵਾਲ ਸਮੇਤ ਹੋਰ ਵੀ ਮੌਜੂਦ ਸਨ। ਪੁਲੀਸ ਨੇ ਕਾਬੂ ਕੀਤਾ ਮੁਲਜ਼ਮ ਵੀ ਮੀਡੀਆ ਦੇ ਸਨਮੁੱਖ ਕੀਤਾ ਹੈ।



ਸੋਹੰ ਸਤਿਨਾਮ

# ਬਰਸੀ ਸਮਾਗਮ



ਸ੍ਰੀ ਸ੍ਰੀ 108 ਸੰਤ ਬਾਬਾ ਈਸ਼ਰ ਦਾਸ ਜੀ

ਸ੍ਰੀ ਸ੍ਰੀ 108 ਸੰਤ ਬਾਬਾ ਈਸ਼ਰ ਦਾਸ ਜੀ ਦੀ 67ਵੀਂ ਬਰਸੀ
ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀਂ, ਕਨੇਡਾ **(12885 85 AVE, Surrey, BC V3W 0k8)**
ਵਿਖੇ ਬਹੁਤ ਹੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਈ ਜਾ ਰਹੀ ਹੈ।

## ਪ੍ਰੋਗਰਾਮ

ਮਿਤੀ 14 ਜੁਲਾਈ, 2023
ਦਿਨ ਸ਼ੁੱਕਰਵਾਰ — ਆਰੰਭ ਸ੍ਰੀ ਆਖੰਡ ਪਾਠ ਸਾਹਿਬ ਜੀ

ਮਿਤੀ 16 ਜੁਲਾਈ, 2023
ਦਿਨ ਐਤਵਾਰ — ਭੋਗ ਸ੍ਰੀ ਆਖੰਡ ਪਾਠ ਸਾਹਿਬ ਜੀ
ਸਵੇਰੇ 09:00 ਵਜੇ

ਆਪ ਸਭ ਨੇ ਇਸ ਮੌਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਵਧੇਰੇ ਜਾਣਕਾਰੀ ਲਈ ਸੰਪਰਕ:

HARDEV SINGH SEKHON +1 778 549 8467
JAGSEER SINGH SEKHON +1 778 893 2625
RAWINDER SINGH SEKHON +91 98158-70902
HARJINDER SINGH SEKHON +1 604 309 9621
BALWINDER SINGH SEKHON +1 778 3198304

# ਸੰਤ ਈਸ਼ਰ ਦਾਸ ਜੀ

ਉੱਨੀਵੀਂ ਸਦੀ ਦੇ ਆਖਰੀ ਦੋ ਦਹਾਕੇ ਏਸ ਧਰਤੀ(ਨਗਰ ਮੂੰਮ ਦਾ ਆਲ੍ਹਾ-ਦੁਆਲ੍ਹਾ) ਦੇ ਇਤਿਹਾਸ ਨੂੰ ਬਦਲਣ ਵਾਲ਼ੇ ਸਮੇਂ ਹਨ। 1880- 90 ਦੇ ਦਹਾਕੇ ਵਿਚ ਇਸ ਧਰਤੀ ਉੱਪਰ ਨਹਿਰੀ ਪਾਣੀਆਂ ਨੇ ਧਰਤੀ ਨੂੰ ਜ਼ਰਖੇਜ਼ ਬਣਾ ਦਿੱਤਾ ਸੀ। ਇਸ ਤੋਂ ਅਗਲੇ ਦਹਾਕੇ ਵਿੱਚ ਸੰਤ ਈਸ਼ਰ ਦਾਸ ਅਤੇ ਉਹਨਾਂ ਦੇ ਪਲੇਠੇ ਚੇਲੇ ਨਿਰਮੋਂਹ ਦਾਸ ਵੱਲੋਂ ਇਸ ਧਰਤੀ ਉੱਪਰ ਰੂਹਾਨੀਅਤ ਦੇ ਦਰਿਆ ਦੇ ਪਾਣੀ ਨਾਲ ਗਿਆਨ ਦਾ ਬੀਜ ਬੀਜਿਆ ਜਿਸ ਨਾਲ ਇਨ੍ਹਾਂ ਰੇਤਲੇ ਟਿੱਬਿਆਂ ਵਿਚ ਗਿਆਨ ਰੂਪੀ ਆਦਮੀਆਂ ਦੀਆਂ ਫੁਲਵਾੜੀਆਂ ਮਹਿਕਾਂ ਬਿਖੇਰਨ ਲੱਗੀਆਂ। ਸੰਤ ਈਸ਼ਰ ਦਾਸ ਜੀ ਦੇ ਪਿਛੋਕੜ ਬਾਰੇ ਕਿਸੇ ਨੂੰ ਵੀ ਮੁਕੰਮਲ ਜਾਣਕਾਰੀ ਨਹੀਂ ਹੈ। ਹਲਕੇ ਦੇ ਸੂਝਵਾਨ ਆਦਮੀਆਂ ਦਾ ਮੰਨਣਾ ਹੈ ਕਿ ਉਹ ਕਰਨਾਲ ਅਤੇ ਦਿੱਲੀ ਵਿਚਕਾਰ ਪੈਂਦੇ ਇਲਾਕੇ ਦੇ ਕਿਸੇ ਪਿੰਡ ਨਾਲ ਸਬੰਧ ਰੱਖਦੇ ਸਨ।

ਜੀਵਨੀ ਦੇ ਲੇਖਕ
**ਬਬਲਜੀਤ ਸਿੰਘ**
ਲੈਕਚਰਾਰ ਇਤਿਹਾਸ
ਸੰਤ ਈਸ਼ਰ ਦਾਸ ਸੀਨੀਅਰ ਸੈਕੰਡਰੀ ਸਕੂਲ
ਮੂੰਮ, +918558056133

ਲੰਮਾ ਸਮਾਂ ਸੰਤਾਂ ਦੇ ਡਰਾਈਵਰ ਵਜੋਂ ਸੇਵਾ ਕਰਨ ਵਾਲੇ ਸਰਦਾਰ ਗੁਰਚਰਨ ਸਿੰਘ ਬੈਨੀਪਾਲ ਦਾ ਕਹਿਣਾ ਹੈ ਕਿ ਛੋਟੀ ਉਮਰ ਵਿੱਚ ਹੀ ਉਹ ਕਿਸੇ ਉਦਾਸੀਨ ਮਹਾਂਪੁਰਖ ਦੇ ਡੇਰੇ ਚਲੇ ਗਏ ਸਨ । ਜਦੋਂ ਉਨ੍ਹਾਂ ਦੀ ਉਮਰ 18 ਸਾਲ ਹੋ ਗਈ ਤਾਂ ਉਹਨਾਂ ਮਹਾਂਪੁਰਖਾਂ ਨੇ ਸੰਤ ਈਸ਼ਰ ਦਾਸ ਨੂੰ ਲੋਕਾਂ ਦੀ ਸੇਵਾ ਕਰਨ ਲਈ ਭੇਜਿਆ। ਸੰਤ ਈਸ਼ਰ ਦਾਸ ਜੀ ਦਾ ਮੂੰਮ ਦੀ ਧਰਤੀ ਉੱਪਰ ਆ ਬਿਰਾਜਮਾਨ ਹੋਣ ਦੇ ਸਬੱਬ ਦਾ ਅਸਲ ਕਾਰਨ ਸਿਰਫ ਸੰਤ ਈਸ਼ਰ ਦਾਸ ਜੀ ਹੀ ਜਾਣਦੇ ਸਨ। ਸ਼ੁਰੂ ਵਿੱਚ ਸੰਤ ਮੂੰਮ ਪਿੰਡ ਵਿੱਚ ਆ ਕੇ ਜਿੱਥੇ ਅਜੋਕਾ ਡੇਰਾ ਹੈ ਓਥੇ ਇੱਕ ਛੰਨ ਪਾ ਕੇ ਰਹਿਣ ਲੱਗੇ ਸਨ। ਫੇਰ ਉਹਨਾਂ ਨੇ 12 ਸਾਲ ਲਗਾਤਾਰ ਜੇਠ ਹਾੜ੍ਹ ਦੇ ਮਹੀਨੇ ਧੂਣੇ ਤਾਪੇ ਅਤੇ ਪੋਹ ਮਾਘ ਦੇ ਮਹੀਨੇ ਅੱਤ ਦੇ ਸਿਆਲਾਂ ਵਿੱਚ ਜਲਧਾਰਾ ਕੀਤਾ। ਇਨ੍ਹਾਂ ਬਾਰਾਂ ਸਾਲਾਂ ਦੀ ਕਠੋਰ ਤਪੱਸਿਆ ਅਤੇ ਜਾਪ ਤਾਪ ਨੂੰ ਦੇਖ ਕੇ ਸਮੁੱਚਾ ਇਲਾਕਾ ਜਾਣ ਗਿਆ ਸੀ ਕਿ ਇਹ ਕੋਈ ਆਮ ਸਾਧ ਨਹੀਂ ਬਲਕਿ ਕਰਨੀ ਵਾਲਾ ਸੰਤ-ਮਹਾਂਪੁਰਖ ਹੈ।

ਸੰਤ ਈਸ਼ਰ ਦਾਸ ਜੀ ਸਿੱਧ ਜੋਗੀਆਂ ਵਾਂਗ ਮੌਕੇ ਦੇ ਹਾਲਾਤਾਂ ਤੋਂ ਬੇਮੁਖ ਹੋ ਕੇ ਜਪ-ਤਪ ਵਿੱਚ ਹੀ ਵਲੀਨ ਨਹੀਂ ਰਹੇ। ਸਗੋਂ ਉਹਨਾਂ ਨੇ ਉਸ ਸਮੇਂ ਚੱਲ ਰਹੀਆਂ ਅਜ਼ਾਦੀ ਲਹਿਰਾਂ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ । ਕੂਕਾ ਲਹਿਰ ਵੱਲੋਂ ਅੰਗਰੇਜ਼ੀ ਸਰਕਾਰ ਦਾ ਹਰ ਪੱਧਰ ਤੇ ਬਾਈਕਾਟ ਕਰਨ ਦਾ ਐਲਾਨ ਸੀ। ਭਾਵੇਂ ਉਹ ਸਕੂਲ ਰੇਲਵੇ ਡਾਕ-ਤਾਰ ਵਗੈਰਾ ਕੁਝ ਵੀ ਸੀ। ਅੰਗਰੇਜੀ ਰਾਜ ਦੇ ਸਕੂਲਾਂ ਦੇ ਬਰਾਬਰ ਸੰਤ ਈਸ਼ਰ ਦਾਸ ਜੀ ਨੇ ਆਪਣੇ ਡੇਰੇ ਉੱਪਰ ਇੱਕ ਵਿਦਿਆਲਿਆ ਖੋਲਿਆ ਜਿਸ ਦਾ ਨਾਮ ਨਿਰਮਾਣਸਰ ਰੱਖਿਆ ਗਿਆ। ਏਸ ਵਿੱਚ ਪੜ੍ਹਾਉਣ ਦਾ ਕਾਰਜ ਨਿਰਮੋਂਹਦਾਸ ਨੂੰ ਸੌਂਪਿਆ ਗਿਆ। ਨਿਰਮੋਂਹਦਾਸ ਆਪਣੇ ਆਪ ਵਿੱਚ ਇੱਕ ਵਿਦਵਾਨ ਪੁਰਸ਼ ਹੋਏ ਹਨ ਜੋ ਕੇ ਪੰਜਾਬੀ, ਫਾਰਸੀ, ਉਰਦੂ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ। ਨਿਰਮਾਣਸਰ ਦੇ ਪੜ੍ਹੇ ਵਿਦਿਆਰਥੀ ਆਪਣਾ ਆਪਾ ਸਮਾਜ ਲਈ ਕੁਰਬਾਨ ਕਰਨ ਵਾਲੇ ਹੁੰਦੇ ਸਨ ਨਾ ਕੇ ਆਪਣੇ ਗਿਆਨ ਰਾਹੀ ਸਮਾਜ ਦੀ ਵਰਤੋਂ ਆਪਣੇ ਨਿੱਜੀ ਹਿੱਤਾਂ ਲਈ ਕਰਦੇ ਸਨ। ਬੇਸ਼ੱਕ ਨਿਰਮਾਣਸਰ ਸਕੂਲ ਦੇ ਪੜ੍ਹਿਆਂ ਕੋਲ਼ ਡਿਗਰੀਆਂ ਦਾ ਟੈਗ ਨਹੀਂ ਸੀ। ਪਰ ਉਹ ਗਿਆਨ ਦੇ ਪੱਧਰ ਦੇ ਪੱਖੋਂ ਕਿਸੇ ਵੀ ਤਰ੍ਹਾਂ ਊਣੇ ਨਹੀਂ ਸਨ। ਗੁਰਦਾਸ ਸਿੰਘ ਘਾਰੂ, ਜੋ ਕੇ ਮਸ਼ਹੂਰ ਸ਼ਾਇਰ ਸੰਤ ਰਾਮ ਉਦਾਸੀ ਜੀ ਦੇ ਵੱਡੇ ਭਰਾ ਸਨ, ਇਸ ਡੇਰੇ ਵਿੱਚੋਂ ਹੀ ਗਿਆਨਵਾਨ ਹੋਏ ਸਨ। ਉਹਨਾਂ ਵੱਲੋਂ ਲਿਖੀ ਕਿਤਾਬ 'ਪਗਡੰਡੀਆਂ ਤੋਂ ਜੀਵਨ ਮਾਰਗ ਤੱਕ' ਵਿੱਚ ਇਸ ਡੇਰੇ ਦੀ ਪੜ੍ਹਾਈ ਦੇ ਮਾਹੌਲ ਦਾ ਬਹੁਤ ਸੋਹਣਾ ਜ਼ਿਕਰ ਕੀਤਾ ਗਿਆ ਹੈ। ਇਸ ਕਿਤਾਬ ਵਿੱਚ ਸੰਤਾਂ ਦੇ ਇਕ ਸੇਵਕ ਮਾਲ੍ਹਾ ਰਾਮ ਦਾ ਜ਼ਿਕਰ ਮਿਲਦਾ ਹੈ। ਉਹ ਕਲਾਲੇ ਦੇ ਪਿੰਡ ਦਾ ਜੱਟ-ਸਿੱਖ ਸੀ। ਉਸ ਨੇ ਆਪਣੀ 18 ਕਿੱਲੇ ਜ਼ਮੀਨ ਡੇਰੇ ਦੇ ਨਾਂ ਲਗਵਾ ਦਿੱਤੀ ਸੀ ਅਤੇ ਉਹ ਆਪ ਇਸ ਡੇਰੇ ਦਾ ਸੇਵਾਦਾਰ ਬਣ ਗਿਆ ਸੀ। ਇਹ ਡੇਰਾ ਉਨ੍ਹਾਂ ਅਜਾਦੀ ਘੁਲ਼ਾਟੀਆਂ ਲਈ ਠਾਹਰ ਵੀ ਸੀ ਜੋ ਸਰਕਾਰ ਦੀ ਨਿਗਾਹ ਵਿੱਚ ਭਗੌੜੇ ਜਾਂ ਬਾਗੀ ਸਨ। ਅਜਿਹੇ ਬਾਗੀਆਂ ਨੂੰ ਇੱਥੇ ਹਰ ਸਮੇਂ ਲੰਗਰ ਤਿਆਰ ਮਿਲ਼ਦਾ ਸੀ। ਇਸ ਤੋਂ ਇਲਾਵਾ ਵੀ ਉਨ੍ਹਾਂ ਲਈ ਕੱਪੜੇ ਆਦਿ ਦਾ ਪ੍ਰਬੰਧ ਵੀ ਸੀ। ਜਿਨ੍ਹਾਂ ਦੀਆਂ ਜਾਇਦਾਦਾਂ ਸਰਕਾਰ ਵੱਲੋਂ ਕੁਰਕ ਕਰ ਲਈਆਂ ਜਾਂਦੀਆਂ ਉਹਨਾਂ ਦੇ ਘਰ ਦਾਣੇ-ਕਪੜੇ ਆਦਿ ਦੇ ਕੇ ਸੰਤ ਈਸ਼ਰ ਦਾਸ ਜੀ ਵੱਲੋਂ ਮਾਲ੍ਹਾ ਰਾਮ ਨੂੰ ਭੇਜਿਆ ਜਾਂਦਾ ਸੀ।

1935-36 ਵਿੱਚ ਸੰਤਾਂ ਨੇ ਬੇਸ਼ਕੀਮਤੀ ਬਿਊਇਕ(ਭੀਛਖ) ਕੰਪਨੀ ਦੀ ਕਾਰ ਦਾ ਮਾਡਲ ਭੀਛਖ ਓੀਘੁਠ ਖਰੀਦਿਆ। ਜਦੋਂ ਉਹ ਇਸ ਕਾਰ ਨੂੰ ਲੈਣ ਲਈ ਦਿੱਲੀ ਸ਼ੋਅਰੂਮ ਪਹੁੰਚੇ ਤਾਂ ਉਨ੍ਹਾਂ ਦਾ ਲਿਬਾਸ ਦੇਖ ਕੇ ਸ਼ੋਅਰੂਮ ਦੇ ਕਰਿੰਦਿਆਂ ਨੇ ਬਾਬਾ ਜੀ ਨੂੰ ਆਖਿਆ ਕਿ ਇਹ ਕੀਮਤੀ ਕਾਰਾਂ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ ਹਨ । ਮਹਾਂਪੁਰਖਾਂ ਨੇ ਉਨ੍ਹਾਂ ਨੂੰ ਕਿਹਾ ਕਿ ਤੁਹਾਡੇ ਮੈਨੇਜਰ ਨੂੰ ਬੁਲਾਓ। ਸ਼ੁਰੂ ਵਿੱਚ ਮੈਨੇਜਰ ਵੀ ਸੰਤਾਂ ਦੇ ਪ੍ਰਤਾਪ ਨੂੰ ਜਾਣ ਨਾ ਸਕਿਆ । ਜਦੋਂ ਸੰਤਾਂ ਨੇ ਉਸ ਅੱਗੇ ਪੈਸਿਆਂ ਦਾ ਢੇਰ ਲਗਾ ਦਿੱਤਾ ਤਾਂ ਮੈਨੇਜਰ ਨੇ ਪੈਰ ਫੜਕੇ ਸੰਤਾਂ ਤੋਂ ਮਾਫੀ ਮੰਗੀ। ਬਾਅਦ ਵਿੱਚ ਇਸ ਮੈਨੇਜਰ ਨੇ ਆਪਣੇ ਦੁਖੀ ਦਾਸਤਾਨ ਸੰਤਾਂ ਨੂੰ ਸੁਣਾਈ ਅਤੇ ਉਨ੍ਹਾਂ ਤੋਂ ਮਿਹਰ ਦੀ ਭੀਖ ਮੰਗੀ। ਇਸ ਮੈਨੇਜਰ ਦਾ ਪਿਛੋਕੜ ਡੱਬਵਾਲੀ ਤੋਂ ਸੀ। ਇਸ ਦੇ ਘਰ ਔਲਾਦ ਨਹੀਂ ਸੀ। ਏਸ ਨੇ ਆਪਣੇ ਘਰ ਸੰਤਾਂ ਦੇ ਚਰਨ ਪੁਆਏ। ਬਾਅਦ ਵਿੱਚ ਇਸ ਦੇ ਘਰ ਔਲਾਦ ਪੈਦਾ ਹੋਈ। ਇਹ ਪਰਿਵਾਰ ਸੰਤ ਈਸ਼ਰ ਦਾਸ ਦੇ ਡੇਰੇ ਦਾ ਪੱਕਾ ਸ਼ਰਧਾਲੂ ਬਣ ਗਿਆ ਸੀ। ਜੋ ਕੇ ਸੰਤਾਂ ਦੇ ਇਸ ਸੰਸਾਰ ਤੋਂ ਜਾਣ ਦੇ ਬਾਅਦ ਵੀ ਲੰਮੇ ਸਮੇਂ ਤੱਕ ਮਹੋਛੇ ਉਪਰ ਹਾਜ਼ਰੀ ਭਰਦਾ ਰਿਹਾ ਹੈ। ਇਹ ਦੋ-ਰੰਗੀ ਨੀਲੇ ਚਿੱਟੇ ਰੰਗ ਦੀ ਕਾਰ ਅੱਜ ਵੀ ਸੰਤਾਂ ਦੇ ਡੇਰੇ ਉੱਪਰ ਬੜੇ ਸਤਿਕਾਰ ਨਾਲ ਰੱਖੀ ਗਈ ਹੈ । ਭਾਵੇਂ ਕਿ ਇਹ ਚਾਲੂ ਹਾਲਤ ਵਿੱਚ ਨਹੀਂ ਪਰ ਮੌਜੂਦਾ ਗੱਦੀ ਨਸ਼ੀਨ ਮਹੰਤ ਭਿਰਗੂ ਦਾਸ ਨੇ ਦੱਸਿਆ ਕਿ ਉਹ ਛੇਤੀ ਹੀ ਇਸ ਨੂੰ ਚਾਲੂ ਹਾਲਤ ਵਿੱਚ ਕਰਨ ਵਾਲ਼ੇ ਹਨ। ਇਸ ਕਾਰ ਲਈ ਪੱਕਾ ਗੈਰੇਜ ਅਤੇ ਡੇਰੇ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਇੱਕ ਪੱਕਾ ਬਰਾਂਡਾ ਬਣਾਉਣ ਲਈ ਸੰਤਾਂ ਨੇ ਮਾਲ੍ਹਾ ਰਾਮ ਦੀ ਡਿਊਟੀ ਬੱਸੀਆਂ ਭੱਠੇ ਤੋਂ 60 ਹਜ਼ਾਰ ਇੱਟਾਂ ਢੋਣ ਦੀ ਲਾਈ। ਆਸ ਪਾਸ ਦੇ ਹੋਰ ਸੇਵਕਾਂ ਨੇ ਗੱਡਿਆਂ ਉੱਪਰ ਇਕ ਹਜ਼ਾਰ ਸੀਮੈਂਟ ਦਾ ਥੈਲਾ ਬਰਨਾਲ਼ੇ ਤੋਂ ਮੂੰਮ ਤੱਕ ਪਹੁੰਚਦਾ ਕੀਤਾ।ਜਿਸ ਨਾਲ਼ ਸੰਤਾਂ ਦਾ ਡੇਰਾ ਹੁਣ ਸਲਵਾੜ ਦੀਆਂ ਛੱਤਾਂ ਤੋਂ ਪੱਕੀ ਇਮਾਰਤ ਵਿੱਚ ਤਬਦੀਲ ਹੋ ਗਿਆ ਸੀ।


ਕਿਸੇ ਗੱਲੋਂ ਸੰਤ ਈਸ਼ਰ ਦਾਸ ਆਪਣੇ ਪਲੇਠੇ ਚੇਲੇ ਨਿਰਮੋਂਹਦਾਸ ਨਾਲ ਨਾਰਾਜ਼ ਹੋ ਗਏ। ਅਤੇ ਉਹਨਾਂ ਨੂੰ ਇਹ ਡੇਰਾ ਛੱਡ ਕੇ ਚਲੇ ਜਾਣ ਲਈ ਕਿਹਾ। ਸੰਤਾਂ ਦੇ ਮੁੱਖੋਂ ਤਿੰਨ ਵਾਰ ਇਹ ਬਚਨ ਸੁਣਕੇ ਨਿਰਮੋਂਹਦਾਸ ਡੇਰਾ ਛੱਡ ਕੇ ਚਲੇ ਗਏ। ਇਹ ਵਾਕਿਆ 1939 ਦਾ ਹੈ। ਇਸ ਤੋਂ ਬਾਅਦ 1945 ਤੱਕ ਨਿਰਮੋਂਹ ਦਾਸ ਨਨਕਾਣਾ ਸਾਹਿਬ ਵਿਖੇ ਸੰਗਤਾਂ ਨੂੰ ਅੱਖਰਾਂ ਦਾ ਗਿਆਨ ਵੰਡਦੇ ਰਹੇ। ਨਨਕਾਣਾ ਸਾਹਿਬ ਤੋਂ ਮੂੰਮਾਂ ਡੇਰੇ ਨੂੰ ਤਾਰ ਪਾ ਕੇ ਸੂਚਤ ਕੀਤਾ ਗਿਆ ਹੈ ਕਿ ਨਿਰਮੋਂਹ ਦਾਸ ਅਕਾਲ ਚਲਾਣਾ ਕਰ ਗਏ ਹਨ। ਸੰਤਾਂ ਨੇ ਆਪਣੇ ਸੇਵਕ ਚੰਦਗੀ ਦਾਸ ਨੂੰ ਭੇਜ ਕੇ ਨਿਰਮੋਂਹਦਾਸ ਦੀਆਂ ਅਸਥੀਆਂ ਆਪਣੇ ਡੇਰੇ ਵਿਖੇ ਮੰਗਵਾ ਲਈਆਂ। ਅਸਥੀਆਂ ਨਿਰਮਾਣਸਰ ਸਰੋਵਰ ਵਿੱਚ ਪਾਈਆਂ ਗਈਆਂ। ਉਹਨਾਂ ਦੀ ਅੰਤਮ ਅਰਦਾਸ ਸੰਤ ਈਸ਼ਰ ਦਾਸ ਜੀ ਨੇ ਆਪ ਕੀਤੀ ਅਤੇ ਕਿਹਾ ਕਿ ਮੈਂ ਆਪਣੇ ਇਸ ਪਲੇਠੇ ਚੇਲੇ ਦੀ ਯਾਦ ਵਿੱਚ ਸਕੂਲ ਖੋਲਾਂਗਾ ਤਾਂ ਜੋ ਵਿਦਿਆ ਦੇ ਪ੍ਰਵਾਹ ਨੂੰ ਨਿਰੰਤਰ ਚਲਾਇਆ ਜਾ ਸਕੇ।

ਇਸ ਘਟਨਾ ਤੋਂ ਬਾਅਦ ਸੰਤ ਈਸ਼ਰ ਦਾਸ ਜੀ ਸਕੂਲ ਖੋਲਣ ਦੇ ਕਾਰਜ ਵਿੱਚ ਜੁਟ ਗਏ। ਇਹ ਅਜਿਹਾ ਦੌਰ ਸੀ ਜਦੋਂ ਅੰਗਰੇਜ਼ ਮੁਲਕ ਨੂੰ ਛੱਡ ਕੇ ਜਾ ਰਹੇ ਸਨ ਅਤੇ ਨਵੇਂ ਹਾਕਮ ਅਹੁਦਾ ਸੰਭਾਲ਼ ਰਹੇ ਸਨ। ਸੰਤਾਲੀ ਦੇ ਉਜਾੜੇ ਨੇ ਇਸ ਕਾਰਜ ਨੂੰ ਤਿੰਨ-ਚਾਰ ਸਾਲਾਂ ਲਈ ਲੇਟ ਕਰ ਦਿੱਤਾ। ਹਾਲਾਤਾਂ ਦੀ ਦਸ਼ਾ ਸੁਧਰਦਿਆਂ ਸੰਤ ਫਿਰ ਕਾਰਜ ਵਿੱਚ ਜੁਟ ਗਏ। ਆਖਿਰ ਉੱਨੀ ਸੌ ਬਵੰਜਾ ਨੂੰ ਗਿਆਨ ਸਿੰਘ ਰਾੜੇ ਵਾਲ਼ੇ ਨੇ ਇਸ ਸਕੂਲ ਦਾ ਨੀਂਹ ਪੱਥਰ ਰੱਖਿਆ। ਕਿਉਂਕਿ ਇਹ ਇਲਾਕਾ ਪੈਪਸੂ ਦੇ ਅਧੀਨ ਸੀ ਅਤੇ ਉਸ ਸਮੇਂ ਗਿਆਨ ਸਿੰਘ ਰਾੜੇਵਾਲਾ ਪੈਪਸੂ ਦੇ ਪ੍ਰਮੁੱਖ ਸਨ। ਇਸ ਮੌਕੇ ਸੰਤ ਰਾਮ ਉਦਾਸੀ ਨੇ ਇੱਕ ਕਵਿਤਾ ਵੀ ਗਾ ਕੇ ਸੁਣਾਈ ਸੀ। ਸੰਤ ਈਸ਼ਰ ਦਾਸ ਜੀ ਇਸ ਅਦਾਰੇ ਨੂੰ ਸਿਰਫ ਸਕੂਲ ਤੱਕ ਮਹਿਦੂਦ ਰੱਖਣ ਦੇ ਹੱਕ ਵਿੱਚ ਨਹੀਂ ਸਨ ਉਹ ਚਾਹੁੰਦੇ ਸਨ ਕਿ ਇਹ ਅਦਾਰਾ ਕਾਲਜ ਬਣੇ। ਉਹਨਾਂ ਨੇ ਜੋ ਇਸ ਇਮਾਰਤ ਦਾ ਨਕਸ਼ਾ ਬਣਵਾਇਆ ਸੀ ਉਸ ਵਿੱਚ ਕਮਰਿਆਂ ਦਾ ਸਾਈਜ਼ ਕਾਲਜ ਵਾਲੀਆਂ ਜਮਾਤਾਂ ਦੇ ਸਾਈਜ਼ ਦਾ ਬਣਵਾਇਆ ਸੀ। ਏਸੇ ਲਈ ਇਸ ਸਕੂਲ ਦੇ ਕਮਰੇ ਅੱਜ ਵੀ ਤਕਰੀਬਨ ਸਾਰੇ ਸਕੂਲਾਂ ਦੇ ਕਮਰਿਆ ਨਾਲੋਂ ਵੱਡੇ ਹਨ। ਕਾਲਜ ਬਣਾਉਣ ਦੇ ਮਕਸਦ ਨੂੰ ਲੈ ਕੇ ਸੰਤ ਜੀ ਕਾਲਜ ਬਣਾਉਣ ਲਈ ਜਮਾਂ ਕਰਾਉਣ ਵਾਸਤੇ ਲੋੜੀਂਦੀ ਰਕਮ ਲੈ ਕੇ ਪਟਿਆਲ਼ੇ ਪਹੁੰਚ ਗਏ। ਮੰਨਿਆ ਜਾਂਦਾ ਹੈ ਕਿ ਉਹਨਾਂ ਨੇ ਉਸ ਸਮੇਂ ਦੇ ਪੈਪਸੂ ਦੇ ਪ੍ਰਧਾਨ ਮੰਤਰੀ ਬ੍ਰਿਸ਼ ਭਾਨ ਤੋਂ ਕਾਲਜ ਖੋਲ੍ਹਣ ਦੀ ਮਨਜ਼ੂਰੀ ਲੈ ਲਈ ਸੀ। ਉਸ ਮਨਜ਼ੂਰੀ ਪੱਤਰ ਵਿੱਚ ਇਹ ਲਿਖਿਆ ਗਿਆ ਸੀ ਕਿ ਬਰਨਾਲੇ ਜਿਲੇ ਵਿੱਚ ਇੱਕ ਕਾਲਜ ਖੋਲ੍ਹਿਆ ਜਾਵੇ। ਜ਼ਿਕਰਯੋਗ ਹੈ ਕਿ ਉਨ੍ਹਾਂ ਸਮਿਆਂ ਵਿੱਚ ਬਰਨਾਲਾ ਜਿਲਾ ਹੋਇਆ ਕਰਦਾ ਸੀ। ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਸ ਦੌਰਾਨ ਸੰਤ ਈਸ਼ਰ ਦਾਸ ਜੀ 1956 ਵਿੱਚ ਅਕਾਲ ਚਲਾਣਾ ਕਰ ਗਏ। ਜੋ ਕਾਲਜ ਦੀ ਮਨਜ਼ੂਰੀ ਸੰਤ ਈਸ਼ਰ ਦਾਸ ਜੀ ਨੇ ਆਪਣੇ ਉੱਦਮ ਨਾਲ ਲਈ ਸੀ ਉਹਨਾਂ ਦੇ ਅਕਾਲ ਚਲਾਣੇ ਕਾਰਨ ਓਸੇ ਮਨਜ਼ੂਰੀ ਤਹਿਤ ਬਰਨਾਲੇ ਸ਼ਹਿਰ ਦਾ ਐਸ ਡੀ ਕਾਲਜ ਹੋਂਦ ਵਿੱਚ ਆਇਆ। ਜੇਕਰ ਸੰਤ ਜੀ ਦਾ ਅਕਾਲ ਚਲਾਣਾ ਨਾ ਹੁੰਦਾ ਤਾਂ ਬਰਨਾਲੇ ਸ਼ਹਿਰ ਵਾਲ਼ੇ ਐਸ ਡੀ ਕਾਲਜ ਦੀ ਬਜਾਏ ਇਹ ਕਾਲਜ ਮੂੰਮ ਪਿੰਡ ਵਿੱਚ ਬਣਨਾ ਸੀ। ਉਨ੍ਹਾਂ ਦਾ ਸਿਰਜਿਆ ਵਿਦਿੱਅਕ ਅਦਾਰਾ ਲਗਾਤਾਰ ਗਿਆਨ ਦਾ ਪ੍ਰਕਾਸ਼ ਫੈਲਾਅ ਕੇ ਇਸ ਇਲਾਕੇ ਨੂੰ ਸੰਤਾਂ ਦੀ ਹੋਂਦ ਦਾ ਅਹਿਸਾਸ ਕਰਵਾ ਰਿਹਾ ਹੈ। ਕੁਝ ਰੂਹਾਂ ਅਤੇ ਦੇਹਾਂ ਦਾ ਪ੍ਰਗਟਾਅ ਵਾਹਿਗੁਰੂ ਵੱਲੋਂ ਇਲਾਕੇ ਦੀ ਕਾਇਆ ਕਲਪ ਕਰਨ ਵਾਸਤੇ ਹੀ ਕੀਤਾ ਜਾਂਦਾ ਹੈ। ਉਨ੍ਹਾਂ ਵੱਲੋਂ ਕੀਤੇ ਗਏ ਕਾਰਜ ਬੇਸ਼ੱਕ ਵਿਦਵਾਨਾਂ ਵੱਲੋਂ ਲਿਖਤੀ ਗ੍ਰੰਥਾਂ ਦੀ ਪਕੜ ਤੋਂ ਬਾਹਰ ਵੀ ਰੱਖੇ ਜਾਣ ਤਾਂ ਵੀ ਉਹ ਉਸ ਇਲਾਕੇ ਦੇ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਤੇ ਐਨੇ ਗੂੜ੍ਹੇ ਉੱਕਰੇ ਜਾਂਦੇ ਹਨ ਕੇ ਉਹ ਪੀੜ੍ਹੀ ਦਰ ਪੀੜ੍ਹੀ ਲੋਕ ਇਤਿਹਾਸ ਬਣਕੇ ਹਮੇਸ਼ਾਂ ਹੀ ਸਮੇਂ ਦੇ ਹਾਣੀ ਬਣੇ ਰਹਿੰਦੇ ਹਨ। ਅੱਜ ਵੀ ਸਕੂਲ ਵਿੱਚ ਸਥਾਪਤ ਸੰਤ ਈਸ਼ਰ ਦਾਸ ਜੀ ਦੀ ਮੂਰਤੀ ਅੱਗੇ ਖੜ੍ਹ ਕੇ ਲਗਦਾ ਹੈ ਕਿ ਉਹ ਇੱਕ ਪਹਿਰੇਦਾਰ ਦੀ ਤਰਾਂ ਆਪਣੀਆਂ ਰੋਹ ਭਰੀਆਂ ਨਿਗਾਹਾਂ ਅਤੇ ਚਿਹਰੇ ਦੇ ਜਲੌਅ ਨਾਲ ਅੱਜ ਵੀ ਇਸ ਧਰਤੀ ਉੱਪਰ ਹਾਜ਼ਰਾ-ਹਜ਼ੂਰ ਹਨ।



ਸ੍ਰੀ ਸ੍ਰੀ 108 ਸੰਤ ਬਾਬਾ ਈਸ਼ਰ ਦਾਸ ਜੀ

**ਜੇਕਰ ਸੰਤ ਜੀ ਦਾ ਅਕਾਲ ਚਲਾਣਾ ਨਾ ਹੁੰਦਾ ਤਾਂ ਬਰਨਾਲੇ ਸ਼ਹਿਰ ਵਾਲ਼ੇ ਐਸ ਡੀ ਕਾਲਜ ਦੀ ਬਜਾਏ ਇਹ ਕਾਲਜ ਮੂੰਮ ਪਿੰਡ ਵਿੱਚ ਬਣਨਾ ਸੀ। ਉਨ੍ਹਾਂ ਦਾ ਸਿਰਜਿਆ ਵਿਦਿੱਅਕ ਅਦਾਰਾ ਲਗਾਤਾਰ ਗਿਆਨ ਦਾ ਪ੍ਰਕਾਸ਼ ਫੈਲਾਅ ਕੇ ਇਸ ਇਲਾਕੇ ਨੂੰ ਸੰਤਾਂ ਦੀ ਹੋਂਦ ਦਾ ਅਹਿਸਾਸ ਕਰਵਾ ਰਿਹਾ ਹੈ। ਕੁਝ ਰੂਹਾਂ ਅਤੇ ਦੇਹਾਂ ਦਾ ਪ੍ਰਗਟਾਅ ਵਾਹਿਗੁਰੂ ਵੱਲੋਂ ਇਲਾਕੇ ਦੀ ਕਾਇਆ ਕਲਪ ਕਰਨ ਵਾਸਤੇ ਹੀ ਕੀਤਾ ਜਾਂਦਾ ਹੈ। ਉਨ੍ਹਾਂ ਵੱਲੋਂ ਕੀਤੇ ਗਏ ਕਾਰਜ ਬੇਸ਼ੱਕ ਵਿਦਵਾਨਾਂ ਵੱਲੋਂ ਲਿਖਤੀ ਗ੍ਰੰਥਾਂ ਦੀ ਪਕੜ ਤੋਂ ਬਾਹਰ ਵੀ ਰੱਖੇ ਜਾਣ ਤਾਂ ਵੀ ਉਹ ਉਸ ਇਲਾਕੇ ਦੇ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਤੇ ਐਨੇ ਗੂੜ੍ਹੇ ਉੱਕਰੇ ਜਾਂਦੇ ਹਨ ਕੇ ਉਹ ਪੀੜ੍ਹੀ ਦਰ ਪੀੜ੍ਹੀ ਲੋਕ ਇਤਿਹਾਸ ਬਣਕੇ ਹਮੇਸ਼ਾਂ ਹੀ ਸਮੇਂ ਦੇ ਹਾਣੀ ਬਣੇ ਰਹਿੰਦੇ ਹਨ।**




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

2150 ਮਿਸਰ ਦੀਵਾਨ ਚੰਦ ਤੇ ਦੀਵਾਨ ਭਵਾਨੀ ਦਾਸ, ਡੇਰਾ ਕੋਲ ਮੁਲਤਾਨ ਜਾ ਲਾਇਆ ਜੀ।
ਅੱਗੋਂ ਗਾਜ਼ੀਆਂ ਪਾਸੜੇ ਭੰਨ ਸੁੱਟੇ, ਦੂਰ ਮੁਲਤਾਨ ਤੋਂ ਮਾਰ ਭਜਾਇਆ ਜੀ।
ਦਸ ਹਜ਼ਾਰ ਰੁਪੈ ਦੀ ਦੇ ਵੱਢੀ, ਭਵਾਨੀ ਦਾਸ ਦੇ ਹੱਥ ਫੜਾਇਆ ਜੀ।
ਹਰਚੰਦ ਸਿੰਘਾ ਮੁੜੇ ਕੁੱਟ ਖਾ ਕੇ, ਦੋਹਾਂ ਐਸਾ ਲੱਲਰ ਲਾਇਆ ਜੀ॥

2151 ਪਤਾ ਲੱਗਾ ਸ਼ੇਰੇ ਪੰਜਾਬ ਤਾਈਂ, ਫੌਜਾਂ ਮੁੜੀਆਂ ਕੰਡ ਲਹਾ ਭਾਈ।
ਦਸ ਹਜ਼ਾਰ ਭਵਾਨੀ ਨੂੰ ਦੰਡ ਲਾਇਆ, ਜੇਲ੍ਹ ਸੁੱਟਿਆ ਅਹੁਦਿਓਂ ਲਾਹ ਭਾਈ।
ਮੁਜੱਫ਼ਰ ਖਾਨ ਨੂੰ ਸਬਕ ਸਿਖਾਉਣ ਲਈ, ਚੁਣੇ ਸੂਰਮੇ ਕੋਲ ਬੁਲਾ ਭਾਈ।
ਹਰਚੰਦ ਸਿੰਘਾ 25 ਹਜ਼ਾਰ ਫੌਜੀ, ਚੜ੍ਹੇ ਮੁਲਤਾਨ ਨੂੰ ਬਿਗਲ ਬਜਾ ਭਾਈ॥

2152 ਤੋਪਖ਼ਾਨਾ ਗੋਲਾ-ਬਰੂਦ ਲੈ ਕੇ, ਨਾਲ ਜਰਨੈਲ ਸੀ ਇਸਦੇ ਚਾਰ ਭੇਜੇ।
ਦੇਖੇ ਪਰਖੇ ਜੋ ਸਰਕਾਰ ਦੇ ਸੀ, ਸਾਰੀ ਉਸਨੇ ਕਰ ਵਿਚਾਰ ਭੇਜੇ।
ਸ਼ਾਹਜ਼ਾਦਾ ਖੜ੍ਹਗ ਸਿੰਘ ਤੇ ਹਰੀ ਸਿੰਘ ਨਲੂਆ, ਪੂਰਾ ਜੰਗ ਦਾ ਕਰ ਬਿਹਾਰ ਭੇਜੇ।
ਧੰਨਾ ਸਿੰਘ ਮਲਵਈ ਤੇ ਸ਼ਾਮ ਸਿੰਘ ਅਟਾਰੀ, ਹਰਚੰਦ ਸਿੰਘਾ ਚੁਣ ਸਰਦਾਰ ਭੇਜੇ॥

## ਮੁਜੱਫ਼ਰ ਖਾਨ ਦੀ ਤਿਆਰੀ

2153 ਮੁੱਜਫ਼ਰ ਖਾਨ ਵੀ ਅੱਗੋਂ ਜਾਣਦਾ ਸੀ, ਫ਼ੌਜਾਂ ਆਉਣੀਆਂ ਚੜ੍ਹ ਕੇ ਭਾਰੀਆਂ ਨੇ।
ਰਾਸ਼ਨ, ਫ਼ੌਜ, ਕਿਲ੍ਹਾ ਤੇ ਕੋਟ ਸਾਰਾ, ਕਰ ਰੱਖੀਆਂ ਖ਼ੂਬ ਤਿਆਰੀਆਂ ਨੇ।
ਗੋਲ਼ੇ, ਤੋਪਾਂ, ਰਹਿਕਲੇ, ਰਫਲ ਨੇਜ਼ੇ, ਲਾਈਆਂ ਸਾਹਣ ਤੇ ਛੁਰੀ ਕਟਾਰੀਆਂ ਨੇ।
ਹਰਚੰਦ ਸਿੰਘਾ 20 ਹਜ਼ਾਰ ਗਾਜ਼ੀ, ਇਸ ਤੋਂ ਵੱਧ ਕੇ ਫ਼ੌਜਾਂ ਉਤਾਰੀਆਂ ਨੇ॥

2154 ਚੱਲੇ ਗੱਭਰੂ ਮਾਵਾਂ ਦੇ ਛੈਲ ਬਾਂਕੇ, ਉਨ੍ਹਾਂ ਖੇਲ੍ਹਣਾ ਮੌਤ ਦਾ ਮੈਚ ਜਾ ਕੇ।
ਉਥੇ ਕਿਸੇ ਨਾ ਕਿਸੇ ਤੇ ਰਹਿਮ ਕਰਨਾ, ਅੱਗੋਂ ਵੱਜਣਾ ਕਿਸ ਕੀ ਕੀ ਆ ਕੇ।
ਕੋਈ ਪਤਾ ਨਹੀਂ ਕਿਸਨੇ ਸਣੇ ਵਰਦੀ, ਸੌਣਾ ਜਿਮੀਂ ਤੇ ਖ਼ੂਨ ਦੇ ਵਿੱਚ ਨਹਾ ਕੇ।
ਕੁੱਝ ਮੁੜਨਗੇ ਜਿੱਤ ਹਰਚੰਦ ਸਿੰਘਾ, ਕਈ ਮੁੱਕਣੇ ਦੇਸ਼ ਲਈ ਜਿੰਦ ਲਾ ਕੇ॥

2155 ਮਾਂਹ ਜਨਵਰੀ 1818 ਦਾ, ਫ਼ੌਜ ਤੁਰੀ ਮੁਲਤਾਨ ਦੇ ਵੱਲ ਹੈ ਸੀ।
ਪਾਲਾ ਕਹਿਰ ਦਾ ਧੁੰਦ ਨੇ ਰਾਹ ਮੱਲੇ, ਪੈਂਡਾ ਮਾਰਿਆ ਚੱਲੋ ਚੱਲ ਹੈ ਸੀ।
ਰਾਹ 'ਚ ਕੱਟੀਆਂ ਕਕਰੀਆਂ ਕਈ ਰਾਤਾਂ, ਲਾ ਲਾ ਧੂਣੀਆਂ ਮੁਸ਼ਕਲਾਂ ਝੱਲ ਹੈ ਸੀ।
ਖਾਨਗੜ੍ਹ ਤੇ ਮੁਜੱਫ਼ਰ ਗੜ੍ਹ ਸਰ ਕਰਕੇ, ਹਰਚੰਦ ਸਿੰਘਾ ਪਹੁੰਚਿਆ ਦਲ ਹੈ ਸੀ॥

2156 ਸ਼ਾਹੀ ਫੌਜ ਨੇ ਕਰੀ ਵਿਉਂਤਬੰਦੀ, ਨਜ਼ਰ ਸਾਹਮਣੇ ਜਦ ਮੁਲਤਾਨ ਆਇਆ।
ਜਾਪੇ ਜਿਵੇਂ ਹਨ੍ਹੇਰੀ ਚੜ੍ਹ ਆਈ, ਘੱਟਾ ਇੰਝ ਸੀ ਵਿੱਚ ਅਸਮਾਨ ਆਇਆ।
ਪੰਜੇ ਪੁੱਤ, ਫ਼ੌਜ ਤੇ ਲੈ ਗਾਜ਼ੀ, ਅੱਗੋਂ ਤਣ ਮੁਜੱਫ਼ਰ ਖ਼ਾਨ ਆਇਆ।
ਹਰਚੰਦ ਸਿੰਘਾ ਬਿਜਲੀਆਂ ਬਰਸਣੀਆਂ, ਚਾਰੇ ਪਾਸਿਓਂ ਚੜ੍ਹ ਤੂਫ਼ਾਨ ਆਇਆ॥

2157 ਸਾਰਾ ਦਿਨ ਘਮਸਾਨ ਦਾ ਜੰਗ ਹੋਇਆ, ਦੋਵੇਂ ਪਾਸਿਓਂ ਹੋਂਵਦੇ ਵਾਰ ਮੀਆਂ।
ਕੋਈ ਅੱਗੋਂ ਮਾਰਦਾ ਕੋਈ ਪਿੱਛੋਂ, ਲੱਗੇ ਲੋਥਾਂ ਦੇ ਖੇਤ ਅੰਬਾਰ ਮੀਆਂ।
ਘੋੜੇ ਘੋੜੀਆਂ ਹਿਣਕਦੇ ਫਿਰਨ ਉੱਥੇ, ਮਿੱਧ ਮਿੱਧ ਕੇ ਰਹੇ ਨੇ ਮਾਰ ਮੀਆਂ।
ਹਰਚੰਦ ਸਿੰਘਾ ਭੱਜਕੇ ਸ਼ਹਿਰ ਬੜੇ, ਖ਼ਾਨ ਸਕੇ ਨਾ ਚੋਟ ਸਹਾਰ ਮੀਆਂ॥

2158 ਦੂਏ ਦਿਨ ਸਰਦਾਰਾਂ ਸਲਾਹ ਕਰਕੇ, ਘੇਰਾ ਸ਼ਹਿਰ ਮੁਲਤਾਨ ਨੂੰ ਪਾਇਆ ਏ।
ਅੰਦਰ ਨਵਾਬ ਤੇ ਉਸਦੇ ਪੁੱਤਰਾਂ ਨੇ, ਥਾਂ ਥਾਂ ਤੇ ਮੋਰਚਾ ਲਾਇਆ ਏ।
ਤੋਪਾਂ ਬੀੜ ਕੇ ਸਿੰਘਾਂ ਨੇ ਕੰਧ ਭੰਨੀ, ਅੰਦਰ ਜਾਣ ਲਈ ਰਾਹ ਬਣਾਇਆ ਏ।
ਭਰ ਬੋਰੀਆਂ ਮਿੱਟੀ ਹਰਚੰਦ ਸਿੰਘਾ, ਖਾਨਾਂ ਰਾਤ ਨੂੰ ਪਾੜ ਭਰਾਇਆ ਏ॥

2159 ਹੱਲਾ ਕਰਕੇ ਸਿੰਘ ਜਦ ਕੋਲ ਆਉਂਦੇ, ਮਾਰ ਗੋਲੀਆਂ ਮੂੰਹ ਭੁਆ ਦੇਂਦੇ।
ਇੱਟਾਂ, ਗੋਲੇ ਵਰਾਉਂਦੇ ਅੰਦਰੋਂ ਉਹ, ਤੇਲ ਕਾੜ੍ਹ ਕੇ ਸਿੰਘਾਂ ਤੇ ਪਾ ਦੇਂਦੇ।
ਗੋਲੇ ਤੋਪਾਂ ਦੇ ਦੂਰ ਸੀ ਮਾਰ ਕਰਕੇ, ਹਾਥੀ ਘੋੜਿਆਂ ਤਾਈਂ ਬਹਾ ਦੇਂਦੇ।
ਖ਼ਾਨ ਐਸੇ ਅੰਦਰੋਂ ਵਾਰ ਕਰਦੇ, ਹਰਚੰਦ ਸਿੰਘਾ ਗੋਡਣੀ ਲਾ ਦੇਂਦੇ॥

2160 ਲੈ ਗੱਭਰੂ ਹਰੀ ਸਿੰਘ ਨਲੂਆ, ਕੋਲੇ ਕੰਧ ਦੇ ਰਾਤ ਨੂੰ ਆਇਆ ਏ।
ਮਿੱਟੀ ਪੱਟ ਕੇ ਨੰਗੀ ਨਿਊਂ ਕੀਤੀ, ਬਰੂਦ ਉਸ ਦੇ ਵਿੱਚ ਭਰਾਇਆ ਏ।
ਬਾਰਸ਼ ਆਈ ਤੇ ਗਿੱਲਾ ਬਰੂਦ ਹੋਇਆ, ਪਾਣੀ ਸੁਰੰਗ ਦੇ ਵਿੱਚ ਖਲਾਇਆ ਏ।
ਕਾਂਬਾ ਛੇੜਦੀ ਪੌਣ ਹਰਚੰਦ ਸਿੰਘਾ, ਗਿੱਲੇ ਕੱਪੜੇ ਦੋਜਕ ਢਾਇਆ ਏ॥

2161 ਮੀਂਹ ਰੁਕਿਆ ਹੋਈ ਜ਼ਮੀਨ ਕਾਠੀ, ਸਿੰਘ ਮੁੜ ਕੇ ਨੇੜੇ ਜਾਣ ਲੱਗੇ।
ਕਈ ਥਾਂ ਤੇ ਬੀੜ ਕੇ ਫਿਰ ਤੋਪਾਂ, ਗੋਲੇ ਮਾਰ ਕੇ ਕੋਟ ਗਿਰਾਉਣ ਲੱਗੇ।
ਕੋਟ ਗਿਰੇ ਤੇ ਖੁੱਲ ਗਏ ਰਾਹ ਸਾਰ੍ਹੇ, ਲਹੂ ਮਿੱਝ ਦੇ ਸ਼ਹਿਰ ਵਿਚ ਘਾਣ ਲੱਗੇ।
ਹਰਚੰਦ ਸਿੰਘਾ ਝਾਲ ਨਾ ਝੱਲ ਸਕੇ, ਕਿਲੇ ਵੱਲ ਨੂੰ ਜਾਣ ਸੀ ਖ਼ਾਨ ਲੱਗੇ॥

2162 ਸ਼ਹਿਰ ਖਾਲਸਾ ਫੌਜ ਦੇ ਹੱਥ ਆਇਆ, ਹੱਥ ਗਾਜ਼ੀਆਂ ਪਰ ਦਿਖਾ ਦਿੱਤੇ।
ਨਿਰਬਲ ਜੋ ਨਵਾਬ ਨੂੰ ਸਮਝਦੇ ਸੀ, ਇੱਕ ਵਾਰ ਤਾਂ ਹੋਸ਼ ਭੁਲਾ ਦਿੱਤੇ।
ਲੋਥਾਂ ਕੱਠੀਆਂ ਸ਼ਹਿਰ 'ਚੋਂ ਕੀਤੀਆਂ ਨੇ, ਥਿੱਲੇ ਵੇਖ ਕੇ ਲੋਥਾਂ ਤੇ ਲਾ ਦਿੱਤੇ।
ਹਰਚੰਦ ਸਿੰਘਾ ਸਿਵੇ ਬਲਣ ਲੱਗੇ, ਕੁੱਝ ਕਬਰੀਂ ਚੁੱਕ ਕੇ ਪਾ ਦਿੱਤੇ॥

2163 ਖੜਗ ਸਿੰਘ ਨੇ ਤਿੰਨੇ ਸਰਦਾਰ ਸੱਦੇ, ਪਲਾਨ ਅਗਲਾ ਬੈਠ ਬਣਾਇਆ ਏ।
ਆਪੋ ਆਪਣੇ ਦਸਤੇ ਲੈ ਉਨ੍ਹਾਂ, ਘੇਰਾ ਜਾ ਕਿਲ੍ਹੇ ਨੂੰ ਪਾਇਆ ਏ।
ਗੰਦ ਸਾਰੇ ਸ਼ਹਿਰ ਦਾ ਢੋ ਖ਼ਾਨਾਂ, ਗਿਰਦ ਕਿਲੇ ਦੇ ਗੰਦ ਫੈਲਾਇਆ ਏ।
ਹਰਚੰਦ ਸਿੰਘਾ ਪੱਟ ਕੇ ਗਿਰਦ ਟੋਭੇ, ਗੰਦਾ ਪਾਣੀ ਵਿੱਚ ਭਰਾਇਆ ਏ॥

2164 ਮੁਸ਼ਕ ਮਾਰਦਾ ਗੰਦ ਦੇ ਢੇਰ ਸੜਦੇ, ਗੰਦੇ ਪਾਣੀ ਮਾਰਦੇ ਬੋ ਮੀਆਂ।
ਮਾਰੂ ਗੈਸ ਦੇ ਜਿਵੇਂ ਨੇ ਟੈਂਕ ਖੁੱਲ੍ਹੇ ਪਲ ਹੋਏ ਨਾ ਉੱਥੇ ਖਲੋ ਮੀਆਂ।
ਮਲ-ਮੂਤਰ ਨਿੱਤ ਦਾ ਕਿਲੇ ਵਿੱਚੋਂ, ਬਾਹਰ ਸੁੱਟਦੇ ਕੰਧਾਂ ਤੋਂ ਢੋ ਮੀਆਂ।
ਹਰਚੰਦ ਸਿੰਘਾ ਲੈਣਾ ਸਾਹ ਔਖਾ, ਤੰਗ ਸੂਰਮੇ ਗਏ ਨੇ ਹੋ ਮੀਆਂ॥

2165 ਦੂਰ ਕਿਲ੍ਹੇ ਤੋਂ ਬੈਠੀਆਂ ਹੋ ਫ਼ੌਜਾਂ, ਨੇੜੇ ਜਾਣ ਦਾ ਦਿਸੇ ਨਾ ਰਾਹ ਭਾਈ।
ਗੰਦੇ ਪਾਣੀ ਨੇ ਘੇਰਿਆ ਕਿਲ੍ਹੇ ਤਾਈਂ, ਨਜ਼ਰ ਆਏ ਨਾ ਕਿਸੇ ਨੂੰ ਥਾਹ ਭਾਈ।
ਦਾਰੂ-ਪੱਟੀਆਂ ਕਰਕੇ ਫੱਟੜਾਂ ਨੂੰ, ਦੂਰ ਤੰਬੂਆਂ ਦਿੱਤੇ ਲਿਟਾਅ ਭਾਈ।
ਰਾਸ਼ਣ ਫੌਜੀਆਂ ਤੇ ਪੱਠੇ ਪਸ਼ੂਆਂ ਨੂੰ, ਉਥੇ ਮਿਲਣ ਕਿਸੇ ਨਾ ਭਾਅ ਭਾਈ॥

2166 ਪਿੰਡਾਂ ਕਸਬਿਆਂ ਵਿੱਚ ਗਾਜ਼ੀਆਂ ਨੇ, ਢੋਲ ਪਿੱਟ ਕੇ ਇਹ ਐਲਾਨ ਕੀਤਾ।
ਮੱਦਦ ਕਰੇ ਨਾ ਕੋਈ ਲਹੌਰੀਆਂ ਦੀ, ਮੁਜੱਫ਼ਰ ਖ਼ਾਨ ਨੇ ਇਹ ਫਰਮਾਨ ਕੀਤਾ।
ਵਸਤ ਜੋ ਵੀ ਦਏਗਾ ਕਾਫਰਾਂ ਨੂੰ, ਕੂਚ ਸਮਝੋ ਉਸ ਜਹਾਨ ਕੀਤਾ।
ਹਰਚੰਦ ਸਿੰਘਾ ਬੰਦ ਬਜ਼ਾਰ ਹੋਏ, ਬਾਈਕਾਟ ਲੋਕਾਂ ਨੇ ਆਣ ਕੀਤਾ॥

2167 ਕਿਲ੍ਹੇ ਨੇੜੇ ਨਾ ਆਉਣ ਨਵਾਬ ਦੇਵੇ, ਕਰੀਂ ਬੈਠਾ ਸਭ ਤਿਆਰੀਆਂ ਨੇ।
ਕਈ ਸਿੰਘਾਂ ਨੇ ਕਰੜੇ ਵਾਰ ਕੀਤੇ, ਤੋਪਾਂ ਦੂਰੋਂ ਬਥੇਰੀਆਂ ਮਾਰੀਆਂ ਨੇ।
ਮਹੀਨੇ ਤਿੰਨ ਬੀਤ ਗਏ ਲੜਦਿਆਂ ਨੂੰ, ਜਰੀਆਂ ਮੁਸ਼ਕਲਾਂ ਬੇ-ਸ਼ੁਮਾਰੀਆਂ ਨੇ।
ਡਾਕੀ ਰੋਗ ਸੀ ਲੱਗਾ ਹਰਚੰਦ ਸਿੰਘਾ, ਪਈਆਂ ਹੋਰ ਵੀ ਕਈ ਬਿਮਾਰੀਆਂ ਨੇ॥

2168 ਖਬਰ ਸ਼ੇਰੇ ਪੰਜਾਬ ਨੂੰ ਜੰਗ ਵਿੱਚੋਂ, ਨਿੱਤ ਦਿਨ ਮਾੜੀ ਹੀ ਆਂਵਦੀ ਏ।
ਇਕ ਨਵਾਬ ਨੇ ਬੰਨ੍ਹ ਲਈ ਫ਼ੌਜ ਸਾਰੀ, ਸੋਚ ਉਸਨੂੰ ਬਹੁਤ ਸਤਾਂਵਦੀ ਏ।
ਇਸਨੂੰ ਵੇਖ ਕੇ ਹੋਰ ਨਾ ਹੋਣ ਬਾਗੀ, ਪੀੜਾ ਇਸ ਦੀ ਅੰਦਰ ਖਾਂਵਦੀ ਏ।
ਹਰਚੰਦ ਸਿੰਘਾ ਗੁਰਾਂ ਨੂੰ ਅਰਜ ਲਈ, ਸਰਕਾਰ ਗੁਰਾਂ ਦੀ ਨਗਰੀ ਜਾਂਵਦੀ ਏ॥

2160 ਫਤਹਿ ਬਖ਼ਸ਼ੋ ਗੁਰੂ ਜੀ ਫ਼ੌਜ ਤਾਈਂ, ਸ਼ੇਰੇ ਪੰਜਾਬ ਨੇ ਵਾਸਤਾ ਪਾਇਆ ਏ।
ਮੁਸ਼ਕਲ ਖਾਲਸਾ ਫ਼ੌਜ ਨੂੰ ਆਣ ਬਣੀ, ਅਕਾਲੀ ਫੂਲਾ ਸਿੰਘ ਨੂੰ ਆਖ ਸੁਣਾਇਆ ਏ।
ਸੱਦੇ ਭੇਜੇ ਜਥੇਦਾਰ ਨਿਹੰਗਾਂ ਨੂੰ, ਸ੍ਰੀ ਅੰਮ੍ਰਿਤਸਰ ਸਾਹਿਬ ਬੁਲਾਇਆ ਏ।
ਹਰਚੰਦ ਸਿੰਘਾ 11 ਜੇਠ ਨੂੰ ਸੀ, ਨਗਾਰਾ ਨਿਹੰਗਾਂ ਨੇ ਕੂਚ ਵਜਾਇਆ ਏ॥

2170 18 ਜੇਠ ਨੂੰ ਪਹੁੰਚ ਮੁਲਤਾਨ ਸਿੰਘਾਂ, ਗੁਰੂ ਫਤਿਹ ਸੀ ਜਾ ਬੁਲਾ ਦਿੱਤੀ।
ਅੱਗੋਂ ਫ਼ੌਜ ਨੂੰ ਲਾਲੀਆਂ ਚੜ੍ਹ ਗਈਆਂ, ਨਵੀਂ ਰੂਹ ਸੀ ਆਣਕੇ ਪਾ ਦਿੱਤੀ।
ਜ਼ਮਜ਼ਮਾ ਤੋਪ ਜੋ ਭਾਰੀ ਭੰਗੀਆਂ ਦੀ, ਖ਼ਿਜਰੀ ਗੇਟ ਦੇ ਸਾਹਮਣੇ ਲਾ ਦਿੱਤੀ।
ਹਰਚੰਦ ਸਿੰਘਾ ਚੱਲੇ ਲੜੀਦਾਰ ਗੋਲੇ, ਫਸੀਲ ਕਿਲੇ ਦੀ ਧਰਤ ਵਿਛਾ ਦਿੱਤੀ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5‘9“, ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। Ô¯ð ÜÅäÕÅðÆ ñÂÆ Ã¿êðÕ é¿Ìð 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037
**talwanid@hotmial.ca**

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ **R.N.** ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
**Contact: 604-897-1298,**
**Whatsapp Number: 99-156-52029**

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋਣ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੇਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਫ਼) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਇੰਡੀਆ ਵਿਚ ਧਵਡ ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

***************

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ ਲੜਕੀ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਡਵਾਈਜ਼ਰ ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 236-591-2719

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਓ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ। Ã¿êðÕ Õð¯: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ÃðÆ Áå¶ âËñàÅ à°ðÅÅÆâ çÅ êËðÅ ê©ì¿è þ
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰਕਰਾਂ ਦੀ ਲੋੜ

**S K FRAMING** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਕੀ ਇਹ ਚੀਨ ਦੀ ਕਹਾਣੀ ਦਾ ਅੰਤ ਹੈ ?

## ਟੀਐੱਨ ਨੈਨਾਨ

ਚੀਨ ਦੇ ਅਰਥਚਾਰੇ ਤੋਂ ਪਿਲੱਤਣੀ ਸੁਸਤੀ ਦੇ ਅਜੀਬੋ ਗ਼ਰੀਬ ਲੱਛਣ ਦਿਖਾਈ ਦੇ ਰਹੇ ਹਨ। ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਨੂੰ ਹਾਲਾਂਕਿ ਛੜੱਪੇ ਮਾਰ ਵਧ ਰਹੀ ਮਹਿਗਾਈ ਦਰ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ, ਉੱਥੇ ਪੇਈਚਿੰਗ ਦੇ ਹਾਲਾਤ ਵੱਖਰੇ ਹਨ: ਉਤਪਾਦਕ



ਕੀਮਤਾਂ ਦੀ ਦਰ ਵਿਚ ਗਿਰਾਵਟ ਆ ਰਹੀ ਹੈ ਅਤੇ ਖਪਤਕਾਰ ਕੀਮਤ ਦਰ ਵੀ ਡਿੱਗ ਰਹੀ ਹੈ। ਹੋਰਨਾਂ ਕੇਂਦਰੀ ਬੈਂਕਾਂ ਵਲੋਂ ਵਿਆਜ ਦਰਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ ਜਦਕਿ ਚੀਨ ਦੀ ਕੇਂਦਰੀ ਬੈਂਕ ਆਪਣੀ ਮੁਦਰਾ ਨੀਤੀ ਵਿਚ ਹੋਰ ਜ਼ਿਆਦਾ ਢਿੱਲ ਵਰਤ ਰਹੀ ਹੈ। ਭਾਰਤ ਜਿਹੇ ਕੁਝ ਮੁਲਕਾਂ ਅੰਦਰ ਸ਼ੇਅਰ ਬਾਜ਼ਾਰ ਅਸਮਾਨੀ ਚੜ੍ਹ ਰਹੇ ਹਨ ਪਰ ਸ਼ੰਘਾਈ ਕੰਪੋਜ਼ਿਟ ਇੰਡੈਕਸ-2009 ਦੇ ਪੱਧਰ ਤੋਂ ਵੀ ਹੇਠਾਂ ਚੱਲ ਰਿਹਾ ਹੈ। ਚੀਨ ਦਾ ਸਨਅਤੀ ਉਤਪਾਦਨ ਚਾਰ ਸਾਲ ਪਹਿਲਾਂ ਕੋਵਿਡ-19 ਤੋਂ ਪਹਿਲਾਂ ਦੇ ਪੱਧਰ ਤੋਂ ਹੇਠਾਂ ਚੱਲ ਰਿਹਾ ਹੈ। ਕਰਜ਼ ਵਾਧੇ ਦੀ ਗਤੀ ਵਿਚ ਕਮੀ ਹੋ ਰਹੀ ਹੈ ਤੇ ਇਸੇ ਤਰ੍ਹਾਂ ਡਾਲਰ ਦੇ ਮੁਕਾਬਲੇ ਯੁਆਨ ਦੀ ਹਾਲਤ ਵੀ ਅੱਛੀ ਨਹੀਂ ਹੈ। ਇਸ ਸਭ ਕਾਸੇ ਨੇ 2022 ਵਿਚ ਆਰਥਿਕ ਮੁੜ ਸੰਭਾਲੇ ਦੇ ਬਿਰਤਾਂਤ ਦਾ ਆਸ਼ਾਵਾਦ ਨੂੰ ਸੋਖ ਲਿਆ ਹੈ।

ਪਿਛਲੇ ਕੈਲੰਡਰ ਸਾਲ ਦੌਰਾਨ ਆਰਥਿਕ ਵਿਕਾਸ ਦਰ 5.5 ਫ਼ੀਸਦ ਰਹਿਣ ਦੇ ਆਸਾਰ ਸਨ ਪਰ ਇਹ 3 ਫ਼ੀਸਦ ਹੀ ਰਹੀ ਹੈ ਜੋ ਜੇਕਰ ਕੋਵਿਡ-19 ਦੀ ਮਾਰ ਵਾਲੇ 2020 ਦੇ ਸਾਲ ਨੂੰ ਛੱਡ ਦਿੱਤਾ ਜਾਵੇ ਤਾਂ ਹਾਲੀਆ ਸਾਲਾਂ ਦੌਰਾਨ ਨਿਮਨਤਮ ਪੱਧਰ ਰਿਹਾ ਹੈ। ਇਸ ਸਾਲ ਦਾ ਵਿਕਾਸ ਦਰ ਦਾ ਅਧਿਕਾਰਕ ਟੀਚਾ 5 ਫ਼ੀਸਦ ਹੈ ਪਰ ਹਰ ਮਹੀਨਾ ਬੀਤਣ ਤੋਂ ਬਾਅਦ ਨੀਵੇਂ ਆਧਾਰ ਦੇ ਬਾਵਜੂਦ ਇਹ ਅਨੁਮਾਨ ਬੇਯਕੀਨੀ ਭਰਿਆ ਜਾਪ ਰਿਹਾ ਹੈ। ਟਿੱਪਣੀਕਾਰਾਂ ਨੇ ਧਿਆਨ ਦਿਵਾਇਆ ਕਿ ਇਹ ਘਰੇਲੂ ਮੰਗ ਅਤੇ ਪ੍ਰਾਈਵੇਟ ਨਿਵੇਸ਼ ਵਿਚ ਕਮੀ ਦਾ ਅਸਰ ਹੈ। ਪ੍ਰਾਈਵੇਟ ਨਿਵੇਸ਼ ਵਿਚ ਇਕ ਦਹਾਕੇ ਦੌਰਾਨ (ਕੋਵਿਡ ਮਹਾਮਾਰੀ ਦੀ ਦਸਤਕ ਦੇ ਅਰਸੇ ਨੂੰ ਛੱਡ ਕੇ) ਪਹਿਲੀ ਵਾਰ ਕਮੀ ਆਈ ਹੈ। ਜਨਵਰੀ ਤੋਂ ਅਪਰੈਲ ਤੱਕ ਨਵੇਂ ਮਕਾਨਾਂ ਦੀ ਉਸਾਰੀ ਵਿਚ ਇਕ ਸਾਲ ਪਹਿਲਾਂ ਨਾਲੋਂ 20 ਫ਼ੀਸਦ ਕਮੀ ਆਈ ਹੈ। ਵਪਾਰ ਦੇ ਮੋਰਚੇ 'ਤੇ, ਪਿਛਲੇ ਅੱਠਾਂ ਚੋਂ ਛੇ ਮਹੀਨਿਆਂ ਦੌਰਾਨ ਬਰਾਮਦਾਂ ਵਿਚ ਕਮੀ ਆਈ ਹੈ। ਦਰਾਮਦਾਂ ਵੀ ਘਟੀਆਂ ਹਨ। ਪ੍ਰਾਪਰਟੀ ਬਾਜ਼ਾਰ ਅਤੇ ਬਰਾਮਦਾਂ ਦੇ ਦਮ 'ਤੇ ਦੌੜਨ ਵਾਲੇ ਕਿਸੇ ਅਰਥਚਾਰੇ ਦੇ ਇਹ ਦੋਵੇਂ ਇੰਜਣ ਠੰਢੇ ਚੱਲ ਪਏ ਹਨ। ਆਮ ਤੌਰ 'ਤੇ ਗਤੀ ਦੀ ਅਣਹੋਂਦ ਦਾ ਅਰਥ ਹੈ ਕਿ 3 ਫ਼ੀਸਦ ਮਹਿਗਾਈ ਦਰ ਦਾ ਟੀਚਾ ਵੀ ਪ੍ਰਾਪਤ ਕਰਨਾ ਮੁਸ਼ਕਿਲ ਬਣ ਸਕਦਾ ਹੈ। ਜ਼ਿਆਦਾਤਰ ਸਮੀਖਿਅਕਾਂ ਨੂੰ ਆਸ ਸੀ ਕਿ ਇਸ ਸਾਲ ਕੋਵਿਡ-19 ਦੀਆਂ ਪਾਬੰਦੀਆਂ ਚੁੱਕੇ ਜਾਣ ਤੋਂ ਬਾਅਦ ਆਰਥਿਕ ਵਿਕਾਸ ਦਾ ਸੈਲਾਬ ਆ ਜਾਵੇਗਾ। ਦਰਅਸਲ ਕੈਲੰਡਰ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਵਿਕਾਸ ਦਰ ਵਿਚ 4.5 ਫ਼ੀਸਦ ਤੱਕ ਪਹੁੰਚ ਵੀ ਗਈ ਸੀ ਪਰ ਪਿਛਲੇ ਸਾਲ ਇਸੇ ਅਰਸੇ ਵਿਚ ਕੋਵਿਡ ਲੌਕਡਾਊਨ ਅਤੇ ਵਿਘਨਾਂ ਦੀ ਮਾਰ ਨਾਲ ਮਿਲਾਣ ਕਰਦੇ ਹੋਏ ਅਸਲ ਵਿਕਾਸ ਦਰ 2.6 ਤੋਂ ਜ਼ਿਆਦਾ ਨਹੀਂ ਸੀ। ਇਸ ਦੌਰਾਨ ਨੌਜਵਾਨ (16-24 ਸਾਲ ਉਮਰ ਵਰਗ) ਬੇਰੁਜ਼ਗਾਰੀ ਕਰੀਬ 20 ਫ਼ੀਸਦ ਹੋ ਗਈ ਅਤੇ ਇਸ ਦੇ ਬਾਵਜੂਦ ਚੀਨੀ ਅਧਿਕਾਰੀ ਮੰਗ ਨੂੰ ਹੁਲਾਰਾ ਦੇਣ ਲਈ ਕਿਸੇ ਕਿਸਮ ਦੀ ਮਾਲੀ ਰਾਹਤ ਦੇਣ ਤੋਂ ਝਿਜਕਦੇ ਰਹੇ। ਸਾਰੇ ਤਾਂ ਨਹੀਂ ਪਰ ਇਨ੍ਹਾਂ 'ਚੋਂ ਕੁਝ ਮੁੱਦੇ ਚੱਕਰਵਰਤੀ ਹੋ ਸਕਦੇ ਹਨ। ਇਸ ਦਾ ਮਤਲਬ ਦੀਰਘਕਾਲੀ, ਢਾਂਚਾਗਤ ਬੰਦਸ਼ਾਂ ਦੀ ਅਣਹੋਂਦ ਹੋਣਾ ਨਹੀਂ ਹੈ: ਕੰਮਕਾਜੀ ਉਮਰ ਵਰਗ ਵਿਚ ਚੀਨ ਦੀ ਸੁੰਗੜ ਰਹੀ ਆਬਾਦੀ, ਬਹੁਤ ਜ਼ਿਆਦਾ ਸਰਕਾਰੀ ਅਤੇ ਅਰਧ ਸਰਕਾਰੀ ਕਰਜ਼ਾ ਅਤੇ ਬੇਹਿਸਾਬ ਮਕਾਨ ਉਸਾਰੀ - ਪਿਛਲੇ ਕੁਝ ਅਰਸੇ ਤੋਂ ਵੱਡੇ ਪੱਧਰ 'ਤੇ ਕਿਆਸ ਲਾਏ ਜਾ ਰਹੇ ਸਨ ਕਿ ਇਹ ਸਭ ਅਰਥਚਾਰੇ ਦੇ ਪਹੀਏ ਨੂੰ ਬੰਨ੍ਹ ਮਾਰਨਗੇ। ਇਨ੍ਹਾਂ ਤੋਂ ਇਲਾਵਾ ਘੱਟ ਮੁਨਾਫ਼ੇ ਵਾਲੇ ਵਾਲੇ ਮਾੜੇ ਪ੍ਰਾਜੈਕਟਾਂ ਦੀ ਚੋਣ ਅਤੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਫੈਕਟਰੀਆਂ ਖਿਲਾਫ਼ ਸਖ਼ਤ ਕਾਰਵਾਈ ਨਾਲ ਲੋੜੀਂਦੀਆਂ ਢਾਂਚਾਗਤ ਤਬਦੀਲੀਆਂ ਦੇ ਸੁਆਲ ਵੀ ਜੁੜ ਗਏ। ਇਸ ਦੇ ਨਾਲ ਹੀ ਪੂੰਜੀ ਨਿਵੇਸ਼ ਤੋਂ ਪ੍ਰਾਈਵੇਟ ਖਪਤ ਨੂੰ ਆਰਥਿਕ ਵਿਕਾਸ ਦਾ ਮੂਲ ਚਾਲਕ ਬਣਾਉਣ ਦੀਆਂ ਗੱਲਾਂ ਵੀ ਸਾਕਾਰ ਨਾ ਹੋ ਸਕੀਆਂ। ਇਸ ਨਾਕਾਮੀ ਦਾ ਫੌਰੀ ਕਾਰਕ ਖਪਤਕਾਰ ਮੰਗ ਦੀ ਘਾਟ ਹੈ। ਮਜਬੂਰੀ ਇਹ ਹੈ ਕਿ ਪੱਛਮੀ ਜਗਤ ਚੀਨ ਦੇ ਨਿਰਮਾਣ 'ਤੇ ਆਪਣੀ ਨਿਰਭਰਤਾ ਘਟਾਉਣ ਦੀ ਤਾਕ ਵਿਚ ਹੈ। ਹਾਲਾਂਕਿ ਦੁਨੀਆ ਦੇ ਦੂਜੇ ਸਭ ਤੋਂ ਵੱਡੇ ਅਰਥਚਾਰੇ ਵਜੋਂ ਚੀਨੀ ਦੀ ਹੈਸੀਅਤ, ਇਸ ਦੇ ਨਿਰਮਾਣ ਦੀ ਜ਼ਬਰਦਸਤ ਤਾਕਤ ਅਤੇ ਸਭ ਤੋਂ ਵੱਡੇ ਬਰਾਮਦਕਾਰ ਹੋਣ ਦੇ ਮੱਦੇਨਜ਼ਰ ਇਸ ਤਰ੍ਹਾਂ ਦਾ ਮੁਕੰਮਲ ਤੋੜ ਵਿਛੋੜਾ ਹੋਣਾ ਤਾਂ ਸੰਭਵ ਨਹੀਂ ਹੋ ਸਕੇਗਾ ਪਰ ਪੱਛਮ ਦੀਆਂ ਜੋਖ਼ਮ ਘਟਾਉਣ ਦੀਆਂ ਚਾਰਾਜੋਈਆਂ ਦਾ ਇਹ ਅਰਥ ਹੋ ਸਕਦਾ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਵਿਦੇਸ਼ੀ ਨਿਵੇਸ਼ ਹੋਰਨਾਂ ਦੇਸ਼ਾਂ ਦਾ ਰੁਖ਼ ਕਰ ਰਿਹਾ ਹੈ। ਪੱਛਮੀ ਤਕਨਾਲੋਜੀ ਲਈ ਦਰ ਬੰਦ ਕਰਨ ਦੀ ਰਣਨੀਤੀ ਇਸ ਕਹਾਣੀ ਦੀ ਬੇਯਕੀਨੀ ਵਿਚ ਇਕ ਹੋਰ ਪਹਿਲੂ ਜੋੜਦੀ ਹੈ। ਇਹਤਿਆਤ ਦੇ ਤੌਰ 'ਤੇ ਇਹ ਕਹਿਣਾ ਜ਼ਰੂਰੀ ਹੈ ਕਿ ਚੀਨ ਦੀ ਕਹਾਣੀ ਦੇ ਅੰਤ ਦੀ ਪੇਸ਼ੀਨਗੋਈ ਪਿਛਲੇ ਕੁਝ ਦਹਾਕਿਆਂ ਵਿਚ ਕਈ ਵਾਰ ਕੀਤੀ ਗਈ ਹੈ ਜੋ ਮਾਰਕ ਟਵੇਨ ਦੇ ਸ਼ਬਦਾਂ ਵਿਚ ਜਲਦਬਾਜ਼ੀ ਵਾਲੀ ਗੱਲ ਸਾਬਿਤ ਹੋਈ ਹੈ। ਇਸ ਵਾਰ ਚੀਨੀ ਅਰਥਚਾਰੇ ਵਿਚ ਛੋਟੇ ਮੋਟੇ ਉਭਾਰ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ। ਬਹੁਤ ਸਾਰੇ ਵਿਦੇਸ਼ੀ ਸਮੀਖਿਅਕਾਂ ਦਾ ਅਜੇ ਵੀ ਖਿਆਲ ਹੈ ਕਿ ਸਾਲ 2023 ਲਈ ਪੰਜ ਫੀਸਦ ਆਰਥਿਕ ਵਿਕਾਸ ਦਾ ਸਰਕਾਰੀ ਟੀਚਾ ਆਖ਼ਰ ਸਰ ਹੋ ਜਾਵੇਗਾ। ਇਸ ਦਾ ਅਰਥ ਇਹ ਹੋਵੇਗਾ ਕਿ ਇਸ ਸਾਲ ਆਲਮੀ ਵਿਕਾਸ ਦਰ ਦੁੱਗਣੀ ਹੋ ਜਾਵੇਗੀ ਕਿਉਂਕਿ ਕੋਈ ਵੀ ਹੋਰ ਵੱਡਾ ਅਰਥਚਾਰਾ ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ ਚੀਨ ਦੇ ਪੱਧਰ ਤੋਂ ਬਿਹਤਰ ਕਾਰਗੁਜ਼ਾਰੀ ਨਹੀਂ ਦਿਖਾ ਰਿਹਾ। ਇਸ ਦੇ ਬਾਵਜੂਦ ਪਹਿਲਾਂ ਤੋਂ ਚਲੀਆਂ ਆ ਰਹੀਆਂ ਇਨ੍ਹਾਂ ਧਾਰਨਾਵਾਂ ਵਿਚ ਸੋਧ ਕਰਨ ਦੀ ਲੋੜ ਪਵੇਗੀ ਕਿ ਚੀਨ ਅਮਰੀਕਾ ਨੂੰ ਪਛਾੜ ਕੇ ਅੱਵਲਤਰੀਨ ਅਰਥਚਾਰਾ ਬਣ ਜਾਵੇਗਾ ਅਤੇ ਆਖਰਕਾਰ ਇਹ ਪੱਛਮੀ ਰਣਨੀਤਕ ਦਬਦਬੇ ਨੂੰ ਚੁਣੌਤੀ ਦੇ ਸਕੇਗਾ। ਸ਼ਕਤੀ ਸਮਤੋਲ ਵਿਚ ਕੋਈ ਠੋਸ ਬਦਲਾਓ ਦੀ ਬਜਾਏ ਦੀ ਜਿਹੜੀ ਗੱਲ ਘਟਨਾ ਵਾਪਰਨ ਦੇ ਆਸਾਰ ਬਣ ਰਹੇ ਹਨ, ਉਹ ਹੈ ਆਲਮੀ ਸ਼ਕਤੀ ਦਾ ਮੁੜ ਸਮਤੋਲ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com




# ‘ਕਿਚਨ’ ’ਚ ਵਰਤੋ ਸਾਵਧਾਨੀਆਂ !



ਰਸੋਈ ਘਰ ਵਿਚ ਹਮੇਸ਼ਾ ਸੂਤੀ ਕੱਪੜੇ ਹੀ ਪਾਓ। ਟੈਰੇਲੀਨ, ਨਾਈਲੋਨ, ਰੇਸ਼ਮੀ ਕੱਪੜੇ ਤਾਪ ਦੇ ਸੁਚਾਲਕ ਹੁੰਦੇ ਹਨ ਤੇ ਅੱਗ ਨੂੰ ਛੇਤੀ ਫੜਦੇ ਹਨ। ਸਾੜ੍ਹੀ ਪਾ ਕੇ ਕੰਮ ਕਰ ਰਹੇ ਹੋ ਤਾਂ ਸਾੜ੍ਹੀ ਦਾ ਪੱਲੂ ਹੇਠਾਂ ਨਾ ਲਟਕੇ, ਇਹ ਵੀ ਧਿਆਨ ਰੱਖੋ। ਪਾਏ ਹੋਏ ਸੂਤੀ ਕੱਪੜੇ ਜ਼ਿਆਦਾ ਢਿੱਲੇ ਨਾ ਹੋਣ। ਗੈਸ ਚੁੱਲ੍ਹਾ ਬਾਲਣ ਤੋਂ ਪਹਿਲਾਂ ਮਾਚਿਸ ਜਾਂ ਲਾਈਟਰ ਤੇ ਹੋਰ ਸਮੱਗਰੀ ਆਪਣੇ ਕੋਲ ਇਕੱਠੀ ਜ਼ਰੂਰ ਕਰ ਲਓ। ਦਾਲਾਂ, ਚੌਲ ਆਦਿ ਨੂੰ ਚੁਣਨ ਦਾ ਕੰਮ ਭੋਜਨ ਪਕਾਉਂਦੇ ਸਮੇਂ ਨਾ ਕਰਕੇ, ਭੋਜਨ ਪਕਾਉਣ ਤੋਂ ਪਹਿਲਾਂ ਕਰੋ। ਰਸੋਈ ਵਿਚ ਹਮੇਸ਼ਾ ਪੈਰਾਂ ਵਿਚ ਫਿਸਲਣ ਵਾਲੀਆਂ ਚੱਪਲਾਂ ਜਾਂ ਉੱਚੀ ਅੱਡੀ ਦੇ ਸੈਂਡਲ ਨਾ ਪਾਓ। ਘੱਟ ਸਮੱਗਰੀ ਪਕਾਉਣ ਲਈ ਹਮੇਸ਼ਾ ਛੋਟੇ ਭਾਂਡਿਆਂ ਦੀ ਹੀ ਵਰਤੋਂ ਕਰੋ। ਇਸ ਨਾਲ ਗੈਸ ਦੀ ਵੀ ਬੱਚਤ ਹੁੰਦੀ ਹੈ। ਖਾਣ ਵਾਲੀ ਸਮੱਗਰੀ ਨੂੰ ਹਮੇਸ਼ਾ ਢੱਕ ਕੇ ਹੀ ਰੱਖੋ ਤਾਂ ਕਿ ਉਨ੍ਹਾਂ ਵਿਚ ਕੀਟਾਣੂ, ਕੀਟ-ਪਤੰਗਾ ਜਾਂ ਕੋਈ ਜ਼ਹਿਰੀਲੀ ਚੀਜ਼ ਨਾ ਡਿੱਗ ਸਕੇ। ਰਸੋਈ ਦੇ ਮਸਾਲੇ ਤੇ ਹੋਰ ਸਮਾਨ ਹਮੇਸ਼ਾ ਪ੍ਰਮਾਣਿਤ ਕੰਪਨੀਆਂ ਜਾਂ ਐਗਮਾਰਕ ਵਾਲਾ ਹੀ ਵਰਤੋ। ਮਾਚਿਸ, ਮੋਮਬੱਤੀ ਜਾਂ ਲੈਂਪ ਨੂੰ



ਹਮੇਸ਼ਾ ਇਕ ਹੀ ਥਾਂ ’ਤੇ ਰੱਖੋ ਤਾਂ ਕਿ ਹਨੇਰੇ ਵਿਚ ਵੀ ਉਸ ਨੂੰ ਲੱਭਿਆ ਜਾ ਸਕੇ। ਮਾਚਿਸ ਤੇ ਲਾਈਟਰ ਨੂੰ ਹਮੇਸ਼ਾ ਗੈਸ ਚੁੱਲ੍ਹੇ ਦੇ ਕੋਲ ਹੀ ਰੱਖੋ ਤਾਂ ਕਿ ਬਾਅਦ ਵਿਚ ਲੱਭਣਾ ਸੌਖਾ ਹੋਵੇ। ਰਸੋਈ ਘਰ ਦੀਆਂ ਸਾਰੀਆਂ ਜ਼ਰੂਰੀ ਚੀਜ਼ਾਂ ਨੂੰ ਢੁਕਵੀਂ ਥਾਂ ’ਤੇ ਰੱਖੋ। ਇਸ ਨਾਲ ਰਸੋਈ ਦੀ ਸੁੰਦਰਤਾ ਵਧੇਗੀ ਤੇ ਸਾਮਾਨ ਲੱਭਣ ਵਿਚ ਵੀ ਪ੍ਰੇਸ਼ਾਨੀ ਨਹੀਂ ਹੋਵੇਗੀ। ਰਸੋਈ ਵਿਚ ਕਿਤੇ ਵੀ ਸਬਜ਼ੀ ਜਾਂ ਚਾਹ ਆਦਿ ਚੀਜ਼ਾਂ ਡਿਗਣ ’ਤੇ ਉਸ ਥਾਂ ’ਤੇ ਗਿੱਲੇ ਕੱਪੜੇ ਦਾ ਪੋਚਾ ਜ਼ਰੂਰ ਲਗਾ ਦਿਓ ਤਾਂ ਕਿ ਉਥੇ ਕੋਈ ਦਾਗ-ਧੱਬਾ ਨਾ ਰਹਿ ਸਕੇ ਤੇ ਉਥੇ ਮੱਖੀਆਂ ਵੀ ਨਾ ਆ ਸਕਣ। ਰਸੋਈ ਦੀਆਂ ਖਿੜਕੀਆਂ ’ਤੇ ਵੀ ਕਦੀ ਪਰਦੇ ਨਾ ਲਗਾਓ ਕਿਉਂਕਿ ਬਾਹਰ ਤੋਂ ਤੇਜ਼ ਹਵਾ ਆਉਣ ’ਤੇ ਪਰਦੇ ਦੇ ਕੋਲ ਰੱਖੀਆਂ ਚੀਜ਼ਾਂ ਨੂੰ ਸੁੱਟ ਸਕਦੇ ਹਨ ਜਾਂ ਗੈਸ ਨਾਲ ਦੁਰਘਟਨਾ ਵੀ ਹੋ ਸਕਦੀ ਹੈ। ਰਸੋਈ ਵਿਚ ਖੜ੍ਹੇ-ਖੜ੍ਹੇ ਜ਼ਿਆਦਾ ਕੰਮ ਕਰਨ ਨਾਲ ਤੁਸੀਂ ਥੱਕ ਵੀ ਸਕਦੇ ਹੋ, ਬੈਠ ਕੇ ਕੰਮ ਕਰਨ ਲਈ ਕੋਈ ਉੱਚਾ ਸਟੂਲ ਜਾਂ ਕੁਰਸੀ ਜ਼ਰੂਰ ਰੱਖੋ। ਸਿੰਕ (ਜੂਠੇ ਭਾਂਡੇ ਧੋਣ ਦੀ ਥਾਂ) ਵਿਚ ਜ਼ਿਆਦਾ ਦੇਰ ਤੱਕ ਜੂਠੇ ਭਾਂਡੇ ਨਾ ਰਹਿਣ ਦਿਓ। ਇਸ ਨਾਲ ਗੰਦਗੀ ਫੈਲੇਗੀ। ਸਿੰਕ ਤੋਂ ਪਾਣੀ ਬਾਹਰ ਕੱਢਣ ਦੀ ਸਹੀ ਵਿਵਸਥਾ ਹੋਣੀ ਚਾਹੀਦੀ ਹੈ।





# ਕੋਲਡ ਡ੍ਰਿੰਕਸ ਦੀ ਜਗ੍ਹਾ ਘਰ ’ਚ ਬਣਾਓ ਜੂਸ ਤੇ ਸ਼ੇਕ





ਸਿਹਤਮੰਦ ਡ੍ਰਿੰਕਸ ਔਰਤਾਂ ਘਰ ਵਿਚ ਹੀ ਤਿਆਰ ਕਰਨ, ਤਾਂ ਕਿ ਬਾਜ਼ਾਰੀ ਕੋਲਡ ਡ੍ਰਿੰਕਸ (ਗ਼ੈਰ ਸਿਹਤਮੰਦ) ਤੋਂ ਬਚਿਆ ਜਾ ਸਕੇ। ਕੋਈ ਸਮਾਂ ਸੀ ਜਦੋਂ ਸਿਰਫ਼ ਗਰਮੀਆਂ ਵਿਚ ਹੀ ਕੋਲਡ ਡ੍ਰਿੰਕਸ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਅੱਜਕਲ੍ਹ ਤਾਂ ਸਾਰਾ ਸਾਲ ਹੀ ਲੋਕ ਕੋਲਡ ਡ੍ਰਿੰਕਸ ਦੀ ਵਰਤੋਂ ਕਰਦੇ ਰਹਿੰਦੇ ਹਨ। ਖ਼ਾਸ ਤੌਰ ’ਤੇ ਵਿਆਹ ਸਮਾਗਮਾਂ ’ਤੇ ਬਹੁਤ ਜ਼ਿਆਦਾ ਕੋਲਡ ਡ੍ਰਿੰਕਸ ਦੀ ਵਰਤੋਂ ਕੀਤੀ ਜਾਂਦੀ ਹੈ। ਹੁਣ ਜਦੋਂ ਗਰਮੀ ਦਾ ਮੌਸਮ ਹਾਲੇ ਚਲ ਰਿਹਾ ਹੈ ਤਾਂ ਲੋਕ ਬਹੁਤ ਜ਼ਿਆਦਾ ਕੋਲਡ ਡ੍ਰਿੰਕਸ ਦੀ ਵਰਤੋਂ ਕਰਦੇ ਹਨ। ਸੁਆਣੀਆਂ ਨੂੰ ਚਾਹੀਦਾ ਹੈ ਕਿ ਉਹ ਇਸ ਵਾਰ ਸ਼ੁਰੂ ਤੋਂ ਹੀ ਘਰ ਵਿਚ ਕੁਝ ਪੀਣ ਵਾਲੇ ਪਦਾਰਥ ਤਿਆਰ ਕਰ ਕੇ ਰੱਖਣ, ਖ਼ਾਸ ਤੌਰ ’ਤੇ ਬੱਚਿਆਂ ਨੂੰ ਬਾਜ਼ਾਰੂ ਕੋਲਡ ਡ੍ਰਿੰਕਸ ਤੋਂ ਦੂਰ ਤਾਂ ਹੀ ਰੱਖਿਆ ਜਾ ਸਕਦਾ ਹੈ। ਅਗਰ ਘਰੇਲੂ ਔਰਤਾਂ ਘਰ ਵਿਚ ‘ਆਮ ਪਨਾ’ ਜਾਂ ਤਾਜ਼ੇ ਨਿੰਬੂਆਂ ਦਾ ਸ਼ਰਬਤ ਦਹੀਂ ਦੀ ਲੱਸੀ, ਜੌਆਂ ਦਾ ਸੱਤੂ ਆਦਿ ਜਾਂ ਅੱਜਕਲ੍ਹ ਤਾਜ਼ੇ ਫਲਾਂ ਦਾ ਜੂਸ ਕੱਢ ਕੇ ਉਸ ਤੋਂ ਸ਼ਰਬਤ ਤਿਆਰ ਕਰ ਕੇ ਰੱਖਿਆ ਜਾ ਸਕਦਾ ਹੈ, ਜਿਸ ਨੂੰ ਆਪਣੇ ਬੱਚਿਆਂ ਨੂੰ ਅਤੇ ਘਰ ਆਏ ਮਹਿਮਾਨਾਂ ਨੂੰ ਬੜੀ ਅਸਾਨੀ ਨਾਲ ਦਿੱਤਾ ਜਾ ਸਕਦਾ ਹੈ। ਸਿਰਫ਼ ਘਰ ਵਿਚ ਪੀਣ ਵਾਲੇ ਪਦਾਰਥ ਤਿਆਰ ਕਰਨਾ ਹੀ ਕਾਫ਼ੀ ਨਹੀਂ, ਬਲਕਿ ਉਨ੍ਹਾਂ ਨੂੰ ਪੇਸ਼ ਕਰਨ ਲਈ ਵੀ ਖ਼ਾਸ ਵੱਖਰੇ ਤੋਂ ਵੱਖਰੇ ਤਰੀਕੇ ਸੁਆਣੀਆਂ ਨੂੰ ਵਰਤਣੇ ਚਾਹੀਦੇ ਹਨ, ਤਾਂ ਕਿ ਬੱਚਿਆਂ ਦਾ ਧਿਆਨ ਬਜ਼ਾਰੂ ਕੋਲਡ ਡ੍ਰਿੰਕਸ ਤੋਂ ਹਟਾਇਆ ਜਾ ਸਕੇ। ਪੀਣ ਵਾਲੇ ਪਦਾਰਥਾਂ ਨੂੰ ਪੇਸ਼ ਕਰਨ ਲਈ ਵਧੀਆ ਡਿਜ਼ਾਈਨ ਵਾਲੇ ਗਿਲਾਸ ਜਾਂ ਪਿਆਲੇ ਡਿਜ਼ਾਈਨ ਵਾਲੀ ਟ੍ਰੇਅ ਬਾਜ਼ਾਰ ਵਿਚ ਵੀ ਕੁਝ ਪਾਈਪਸ ਜਾਂ ਹੋਰ ਸਜਾਵਟੀ ਪਦਾਰਥ ਮਿਲ ਜਾਂਦੇ ਹਨ, ਜੋ ਕਿ ਬਹੁਤੇ ਮਹਿੰਗੇ ਵੀ ਨਹੀਂ ਹੁੰਦੇ, ਉਨ੍ਹਾਂ ਦੀ ਵਰਤੋਂ ਕਰਕੇ ਆਪਣੇ ਘਰੇ ਤਿਆਰ ਕੀਤੇ ਪੀਣ ਵਾਲੇ ਪਦਾਰਥਾਂ ਨਾਲ ਨਾ ਸਿਰਫ਼ ਪੈਸੇ ਦੀ ਬੱਚਤ ਹੋਵੇਗੀ, ਸਗੋਂ ਸਭ ਤੋਂ ਅਹਿਮ ਕਿ ਸਿਹਤ ਲਈ ਇਹ ਬਹੁਤ ਲਾਹੇਵੰਦ ਹੋਣਗੇ।


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
invis
Canada's Mortgage Experts™
MORTGAGE INTELLIGENCE
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA




# ਸ਼ਾਹਰੁਖ ਖਾਨ ਦੀ ਫ਼ਿਲਮ 'ਜਵਾਨ' ਦੇ ਟੀਜ਼ਰ ਨੇ ਤੋੜੇ ਰਿਕਾਰਡ

ਨਵੀਂ ਦਿੱਲੀ-ਸ਼ਾਹਰੁਖ ਖਾਨ ਦੀ ਆਉਣ ਵਾਲੀ ਫ਼ਿਲਮ 'ਜਵਾਨ' ਦੀ ਪ੍ਰੀ-ਰਿਲੀਜ਼ ਵੀਡੀਓ ਨੇ ਕਿਸੇ ਵੀ ਵੀਡੀਓ ਨੂੰ ਦੇਖੇ ਜਾਣ ਦੇ ਮਾਮਲੇ 'ਚ ਭਾਰਤੀ ਫ਼ਿਲਮ ਜਗਤ ਦੇ ਟੀਜ਼ਰਾਂ ਅਤੇ ਟ੍ਰੇਲਰਾਂ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਹ ਦਿਲਕਸ਼ ਵੀਡੀਓ ਹੁਣ ਤੱਕ '112 ਮਿਲੀਅਨ ਵਿਊਜ਼' ਨਾਲ ਸਨੇ ਜਗਤ ਵਿੱਚ ਸਿਖਰ 'ਤੇ ਪੁੱਜ ਗਈ ਹੈ। ਫ਼ਿਲਮ 'ਜਵਾਨ' ਦੇ ਟੀਜ਼ਰ ਵੱਲੋਂ ਪਹਿਲੇ 24 ਘੰਟਿਆਂ ਵਿੱਚ ਸਾਰੇ ਰਿਕਾਰਡ ਤੋੜਨਾ ਸ਼ਾਹਰੁਖ ਦੀ ਲੋਕਪ੍ਰਿਯਤਾ ਤੇ ਵਸੀਹ ਦਾਇਰੇ ਦੀ ਸ਼ਾਹਦੀ ਭਰਦਾ ਹੈ। ਇਸ ਫ਼ਿਲਮ ਵਿੱਚ ਸ਼ਾਹਰੁਖ ਖਾਨ ਇਕ ਵੱਖਰੇ ਅੰਦਾਜ਼ ਵਿੱਚ ਨਜ਼ਰ ਆਵੇਗਾ। ਫ਼ਿਲਮ ਵਿੱਚ ਵਿਜੈ ਸੇਤੂਪਤੀ, ਦੀਪਿਕਾ ਪਾਦੂਕੋਣ ਅਤੇ ਸਾਨਿਆ ਮਲਹੋਤਰਾ ਵੀ ਅਹਿਮ ਭੂਮਿਕਾਵਾਂ ਵਿੱਚ ਹਨ। ਇਸ ਵੀਡੀਓ ਨੇ ਭਾਰਤੀ ਡਿਜੀਟਲ ਲੈਂਡਸਕੇਪ 'ਤੇ ਇੱਕ ਮਹੱਤਵਪੂਰਨ ਛਾਪ ਛੱਡੀ ਹੈ। ਵੀਡੀਓ ਨੂੰ ਮਿਲਿਆ ਭਰਵਾਂ ਹੁੰਗਾਰਾ ਵਿਸ਼ਾਲ ਪ੍ਰਸ਼ੰਸਕਾਂ ਦੇ ਦਾਇਰੇ ਨੂੰ ਦਿਖਾਉਂਦਾ ਹੈ, ਜੋ ਫ਼ਿਲਮ ਨੇ ਆਪਣੀ ਥੀਏਟਰ ਰਿਲੀਜ਼ ਤੋਂ ਪਹਿਲਾਂ ਹੀ ਹਾਸਲ ਕੀਤਾ ਹੈ। ਇਹ ਰੈੱਡ ਚਿਲੀਜ਼ ਐਂਟਰਟੇਨਮੈਂਟ ਦੀ ਪੇਸ਼ਕਾਰੀ ਹੈ, ਜਿਸ ਦਾ ਨਿਰਦੇਸ਼ਨ ਐਟਲੀ ਨੇ ਕੀਤਾ ਹੈ। ਇਹ ਫ਼ਿਲਮ ਗੌਰੀ ਖਾਨ ਅਤੇ ਗੌਰਵ ਵਰਮਾ ਵੱਲੋਂ ਪ੍ਰੋਡਿਊਸ ਕੀਤੀ ਗਈ ਹੈ। ਇਹ ਫ਼ਿਲਮ 7 ਸਤੰਬਰ ਨੂੰ ਹਿੰਦੀ, ਤਾਮਿਲ ਅਤੇ ਤੇਲਗੂ ਭਾਸ਼ਾਵਾਂ 'ਚ ਰਿਲੀਜ਼ ਹੋਵੇਗੀ।




# ਫਰਹਾਨ ਦੀ 'ਭਾਗ ਮਿਲਖਾ ਭਾਗ' ਨੇ ਪੂਰੇ ਕੀਤੇ ਦਸ ਸਾਲ

ਮੁੰਬਈ-ਅਦਾਕਾਰ ਫਰਹਾਨ ਅਖ਼ਤਰ ਨੇ ਆਪਣੀ ਫਿਲਮ 'ਭਾਗ ਮਿਲਖਾ ਭਾਗ' ਦੇ ਦਸ ਸਾਲ ਪੂਰੇ ਹੋਣ 'ਤੇ ਜਸ਼ਨ ਮਨਾਇਆ। ਅਦਾਕਾਰ ਦਾ ਕਹਿਣਾ ਹੈ ਕਿ ਉਸ ਦੀ ਜ਼ਿੰਦਗੀ ਵਿੱਚ ਇਸ ਫਿਲਮ ਦੀ ਅਹਿਮ ਥਾਂ ਹੈ। ਰਾਕੇਸ਼ ਓਮਪ੍ਰਕਾਸ਼ ਮਹਿਰਾ ਵੱਲੋਂ ਨਿਰਦੇਸ਼ਿਤ 2013 ਵਿੱਚ ਆਈ ਇਹ ਖੇਡ ਡਰਾਮਾ ਫਿਲਮ ਮਰਹੂਮ ਅਥਲੀਟ ਮਿਲਖਾ ਸਿੰਘ ਦੇ ਜੀਵਨ 'ਤੇ ਆਧਾਰਿਤ ਹੈ। ਇਸ ਫਿਲਮ ਵਿੱਚ ਸੋਨਮ ਕਪੂਰ, ਦਿਵਿਆ ਦੱਤਾ, ਪਵਨ ਮਲਹੋਤਰਾ, ਯੋਗਰਾਜ ਸਿੰਘ ਤੇ ਪ੍ਰਕਾਸ਼ ਰਾਜ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਫਰਹਾਨ ਅਖ਼ਤਰ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਫਿਲਮ ਦਾ ਪੋਸਟਰ ਸਾਂਝਾ ਕਰਦਿਆਂ ਕਿਹਾ, 'ਮੇਰੀ ਜ਼ਿੰਦਗੀ ਅਤੇ ਕੰਮ 'ਤੇ ਡੂੰਘਾ ਪ੍ਰਭਾਵ ਛੱਡਣ ਵਾਲੀ ਇਸ ਫਿਲਮ ਨੂੰ ਰਿਲੀਜ਼ ਹੋਇਆਂ ਅੱਜ ਦਸ ਸਾਲ ਹੋ ਗਏ ਹਨ। ਇਸ ਫਿਲਮ ਦੀ ਮੇਰੇ ਦਿਲ ਵਿੱਚ ਵੱਖਰੀ ਤੇ ਅਹਿਮ ਥਾਂ ਹੈ। ਤੁਹਾਡੇ ਵੱਲੋਂ ਦਿੱਤੇ ਗਏ ਪਿਆਰ ਨੇ ਇਸ ਫਿਲਮ ਲਈ ਕੀਤੀ ਮਿਹਨਤ ਦਾ ਮੁੱਲ ਪਾਇਆ ਹੈ।' ਅਦਾਕਾਰ ਨੇ ਕਿਹਾ, 'ਇਹ ਬਾਕਮਾਲ ਫਿਲਮ ਬਣਾਉਣ ਤੇ ਮਿਲਖਾ ਸਿੰਘ ਜੀ ਦੇ ਜੀਵਨ ਦੀ ਇਸ ਅਣਮੁੱਲੀ ਪ੍ਰਾਪਤੀ ਨੂੰ ਪਰਦੇ 'ਤੇ ਲਿਆਉਣ ਲਈ ਰਾਕੇਸ਼ ਤੇ ਫਿਲਮ ਨੂੰ ਬੇਹਿਸਾਬ ਪਿਆਰ ਦੇਣ ਲਈ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ।'



# ਰਿਸ਼ਤੇ-ਨਾਤਿਆਂ ਦੀ ਗੱਲ ਕਰਦੀ ਹੈ ਫ਼ਿਲਮ 'ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ'

ਚੰਡੀਗੜ੍ਹ-ਬੀਤੇ ਦਿਨੀਂ ਸਿਨੇਮਾਘਰਾਂ 'ਚ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ' ਨੂੰ ਦਰਸ਼ਕਾਂ ਦਾ ਚੰਗਾ ਹੁਲਾਰਾ ਮਿਲ ਰਿਹਾ ਹੈ। ਫ਼ਿਲਮ ਵੈਸਟਾਵੰਡਰ ਮੋਸ਼ਨ ਪਿਕਚਰਜ਼ ਤੇ ਅੰਬਰਸਰੀਏ ਪ੍ਰੋਡਕਸ਼ਨਜ਼ ਦੀ ਪੇਸ਼ਕਸ਼ ਹੈ। ਇਸ ਨੂੰ ਜਤਿੰਦਰ ਸਿੰਘ ਲਵਲੀ ਨੇ ਪ੍ਰੋਡਿਊਸ ਕੀਤਾ ਹੈ, ਜਿਸ ਦੇ ਕੋ-ਪ੍ਰੋਡਿਊਸਰ ਧੀਰਜ ਕੁਮਾਰ ਤੇ ਕਰਨ ਸੰਧੂ ਹਨ। ਇਸ ਫ਼ਿਲਮ ਨੂੰ ਲਾਡਾ ਸਿਆਨ ਘੁੰਮਣ ਨੇ ਡਾਇਰੈਕਟ ਕੀਤਾ ਹੈ, ਜਿਸ ਦੀ ਕਹਾਣੀ ਕਰਨ ਸੰਧੂ ਤੇ ਧੀਰਜ ਕੁਮਾਰ ਨੇ ਲਿਖੀ ਹੈ। ਇਸ ਫ਼ਿਲਮ ਦੇ ਮੁੱਖ ਅਦਾਕਾਰ ਹਰੀਸ਼ ਵਰਮਾ, ਅਦਾਕਾਰਾ ਸਿੰਮੀ ਚਾਹਲ ਤੇ ਲੇਖਕ ਧੀਰਜ ਕੁਮਾਰ ਦਾ ਕਹਿਣਾ ਹੈ ਕਿ ਇਹ ਫ਼ਿਲ ਰਿਸ਼ਤੇ-ਨਾਤਿਆਂ ਦੀ ਗੱਲ ਕਰਦੀ ਹੈ। ਸਿੰਮੀ ਚਾਹਲ ਦਾ ਕਹਿਣਾ ਹੈ ਕਿ ਕਮਲ ਦਾ ਕਿਰਦਾਰ ਮੇਰੀ ਅਸਲ ਜ਼ਿੰਦਗੀ ਤੋਂ ਬਿਲਕੁਲ ਉਲਟ ਕਿਰਦਾਰ ਹੈ ਤੇ ਇਸ ਕਿਰਦਾਰ ਨੂੰ ਨਿਭਾਅ ਕੇ ਬਹੁਤ ਮਜ਼ਾ ਆਇਆ। ਮੈਨੂੰ ਲੱਗਦਾ ਹੈ ਕਿ ਜਿਸ ਤਰ੍ਹਾਂ ਦੇ ਅਸੀਂ ਅਸਲ ਜ਼ਿੰਦਗੀ 'ਚ ਨਹੀਂ ਹੁੰਦੇ, ਉਸ ਤਰ੍ਹਾਂ ਦੇ ਕਿਰਦਾਰ ਨਿਭਾਅ ਕੇ ਜ਼ਿਆਦਾ ਮਜ਼ਾ ਆਉਂਦਾ ਹੈ। ਫ਼ਿਲਮ ਦੇ ਹੀਰੋ ਹਰੀਸ਼ ਦਾ ਕਹਿਣਾ ਹੈ ਕਿ ਮੈਨੂੰ ਇਸ ਫ਼ਿਲਮ 'ਚੋਂ 2 ਗੀਤ ਬਹੁਤ ਜ਼ਿਆਦਾ ਪਸੰਦ ਹਨ। ਇਕ ਤਾਂ 'ਗੇੜਾ', ਜੋ ਗੁਰਨਾਮ ਭੁੱਲਰ ਨੇ ਗਾਇਆ ਹੈ। ਦੂਜਾ 'ਤੇਰੇ ਬੋਲ' ਗੀਤ ਕਾਫੀ ਵਧੀਆ ਲੱਗਦਾ ਹੈ, ਜਿਸ ਨੂੰ ਪ੍ਰਭ ਗਿੱਲ ਨੇ ਗਾਇਆ ਹੈ।



ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

**OPEN 7 DAYS**

www.goldkeyinsurance.ca


Rajan MANGOES
NOW AVAILABLE ONLY AT
fruiticana
SINCE 1994
fruiticana hee jaana!
Rajan Mango ਰਾਜਨ
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$23.99 bag
EXTRA SUPER SUPER SPECIAL
Jumbo Size Cauliflower
ਵੱਡਾ ਗੋਬੀ ਦਾ ਫੁੱਲ
$2.98 ea.
Fresh Desi Karela
ਦੇਸੀ ਕਰੇਲਾ
$1.49 lb
SUPER SPECIAL
Cherries
ਚੈਰੀਆਂ
$1.99 lb
SUPER SPECIAL
Red, Yellow & Orange Peppers
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ)
99¢ lb
SUPER SPECIAL
Okra Extra Fancy
ਭਿੰਡੀ ਐਕਸਟਰਾ ਫੈਂਸੀ
$2.49 lb
Chickpeas
ਚਿੱਟੇ ਛੋਲੇ
99¢ lb
Plain Gur 22 lbs box
ਪੇਸ਼ੀ ਗੁੜ
$19.99 box
SUPER SPECIAL
Indian Eggplants
ਦੇਸੀ ਬਤਾਊਂ
$1.49 lb
SUPER SPECIAL
Spinach
ਪਾਲਕ
99¢ bunch
English Peas BC
ਇੰਗਲਿਸ਼ ਮਟਰ ਬੀਸੀ
$1.99 lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Broccoli Crown
ਬਰੌਕਲੀ ਕਰਾਊਨ
$1.49 lb
Petha Kadhu
ਪੇਠਾ ਕੱਦੂ
99¢ lb
Fresh BC Tinda
ਬੀਸੀ ਤਾਜ਼ੇ ਟੀਂਡੇ
99¢ lb
Almonds #1
ਬਦਾਮ
$3.98 lb
Rooh Afza Indian 750 ml
ਰੂਹ ਅਫਜ਼ਾ
$3.99 bottle
English Cucumbers
ਇੰਗਲਿਸ਼ ਖੀਰੇ
2 for $1.50
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #1
99¢ lb
Gala Apples
ਗਾਲਾ ਸੇਬ
$1.49 lb
Green Cardamom (Elaichi) IBG
ਹਰੀ ਇਲਾਇਚੀ
$13.99 lb
Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ,ਮਸਰਾਂ ਦੀ ਸਾਬਤ ਦਾਲ,ਧੋਤੀ ਮਸਰਾਂ ਦੀ ਦਾਲ( ਇੰਡੀਕੈਂਨ )
$3.98 bag
Pink Lady Apples
ਪੀਂਕ ਲੇਡੀ ਐਪਲ
99¢ lb
Cilantro
ਧਣੀਆ
2 bunches for $1.50
Roma Tomatoes
ਰੋਮਾ ਟਮਾਟਰ
$1.49 lb
Opo Squash (Long)
ਓਪੋ ਕੱਦੂ
88¢ lb
Plain Gur 2 lbs Shell
ਪੇਸ਼ੀ ਗੁੜ
$2.99 pkg.
Fri July 14, 2023 - Wed July 19, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 9 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------ 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ------------- 604-321-9931
Richmond-------- 4101 No.5 Rd. --------------- 604-244-9520